SATJUG
1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧ ਤੋਂ ੧੫ ਪੋਹ ੨੦੭੫
16 To 30 Dec. 2018

ਜਿਲਦ 26
ਨੰਬਰ 28
Total Pages 48

## ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥



ਮੈਂ ਹਾਂ ਤੇਗ, ਤੇ ਪਰਖ ਲੈ ਤੇਗ ਤੂੰ ਵੀ, ਇੱਕ ਦੋ ਨਹੀਂ, ਪਰਖ ਲੈ ਸੌ ਤੇਗਾਂ॥
ਮੈਂ ਤਾਂ ਜੰਮਦਿਆਂ ਤੇਗਾਂ ਦੀ ਛਾਂ ਮਾਣੀ, ਮੇਰਾ ਕੁਝ ਨਹੀਂ ਸਕਦੀਆਂ ਖੋਹ ਤੇਗਾਂ॥
ਮੈਨੂੰ ਤੇਗ ਬਹਾਦਰ ਦਾ ਲਕਬ ਮਿਲਿਆ, ਮੇਰੇ ਗੁਰੂ ਨੇ ਪਹਿਨੀਆਂ ਦੋ ਤੇਗਾਂ॥
ਮੇਰੇ ਪਿਤਾ ਦੀ ਅਣਖ ਬਹਾਦੁਰੀ ਤੇ, ਰਿਹਾ ਪਰਖਦਾ ਤੇਰਾ ਪਿਉ ਤੇਗਾਂ।
ਹੁਣ ਵੇਖੀਂ ਤੂੰ ਆਉਂਦੇ ਭਵਿੱਖ ਅੰਦਰ, ਮੇਰੇ ਪੁੱਤ ਨੇ ਵ੍ਹਾਉਣੀਆਂ ਓਹ ਤੇਗਾਂ।
ਉਹਦੇ ਤੇਜ 'ਚੋਂ ਜੇਹੜੀ ਤੇਗ ਨਿਕਲੂ, ਲੱਖਾਂ ਲਊਗੀ ਤੇਰੀਆਂ ਖ੍ਹੋ ਤੇਗਾਂ। -ਕਵੀ ਗੁੰਚਾ ਜੀ



ਨੂਰੀ ਮੁਖੜੇ ਵਾਲੇ ਸਤਿਗੁਰ, ਕਿਹੜੇ ਦੇਸ਼ ਪਧਾਰ ਗਏ।
ਮਾਨ ਸਰੋਵਰ ਵਿੰਹਦੇ ਰਹਿ ਗਏ, ਹੰਸ ਉਡਾਰੀ ਮਾਰ ਗਏ॥
ਸਦਾ ਵਾਸਤੇ ਤੁਰ ਗਏ ਸਾਥੋਂ, ਆਉਂਦਾ ਈ ਇਤਬਾਰ ਨਹੀਂ।
ਏਦਾਂ ਲਗਦੈ ਬਾਬਾ ਜੀ ਨੂੰ, ਮਿਲਣ ਸਮੁੰਦਰੋਂ ਪਾਰ ਗਏ॥
ਭੈਣੀ ਸਾਹਿਬ ਦੀ ਭਾਗਾਂ ਵਾਲੀ, ਭੂਮੀ ਦੀਆਂ ਹਵਾਵਾਂ ਦੇ।
ਮਿੱਠਾ-ਮਿੱਠਾ ਰਾਗ ਸੁਣਾਕੇ, ਤਪਦੇ ਹਿਰਦੇ ਠਾਰ ਗਏ॥
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਨਾਮ ਦੇ ਛਿੱਟੇ ਮਾਰ ਗਏ।
ਸਾਨੂੰ ਗਮ ਸੌਗਾਤ ਦੇ ਗਏ, ਆਪੂੰ ਤੁਰ ਗ਼ਮ ਖ਼ਾਰ ਗਏ॥
ਚਿੱਟੀ ਚਾਦਰ ਵਿੱਚ ਲੁਕੋ ਕੇ, ਖੁਸ਼ੀਆਂ ਕੁਲ ਸੰਸਾਰ ਦੀਆਂ।
ਦਿਲ ਜਾਨੀ ਦੁਨੀਆ ਦੇ ਮਾਲਕ, ਕਿੱਥੇ ਤੁਰ ਦਿਲਦਾਰ ਗਏ॥

ਅੱਗੇ ਹੀ ਰੰਗੂਨ ਵੱਲ ਨੂੰ, ਅੱਖੀਆਂ ਚੁੱਕ-ਚੁੱਕ ਵਿੰਹਦੇ ਸਾਂ।
ਏਦਾਂ ਲਗਦੈ, ਸਤਿਗੁਰ ਜੀ ਫੇਰ ਰੰਗੂਨ ਪਧਾਰ ਗਏ॥
ਦੋ ਘੜੀਆਂ ਵੀ ਜਿਸਦੇ ਬਾਝੋਂ, ਜਿਉਣਾ ਮੁਸ਼ਕਿਲ ਲੱਗਦਾ ਸੀ।
ਤਿੱਖੇ ਤੀਰ ਜੁਦਾਈ ਵਾਲੇ, ਕੂਕੇ ਕਿੰਜ ਸਹਾਰ ਗਏ॥
ਉਸਦੇ ਨੂਰ ਇਲਾਹੀ ਸਦਕਾ, ਹਰ ਜ਼ਰਰਾ ਰੁਸ਼ਨਾਇਆ ਹੈ।
ਭੈਣੀ ਸਾਹਿਬ ਦੀਆਂ ਜੂਹਾਂ ਵਿੱਚ, ਐਸਾ ਨੂਰ ਖਿਲਾਰ ਗਏ॥
ਹਰ ਕੂਕੇ ਦੇ ਦਿਲ ਦੇ ਅੰਦਰ, ਹਰ ਦਮ ਸਤਿਗੁਰ ਵੱਸਦੇ ਨੇ।
ਸਦੀਆਂ ਨਹੀਂ ਭੁਲਾਇਆ ਜਾਣਾ, ਐਸਾ ਬਖਸ਼ ਪਿਆਰ ਗਏ।
ਰਹਿਮਤ ਦਾ ਭੰਡਾਰਾ ਦੇ ਗਏ, ਜੋਤ ਇਲਾਹੀ ਬਖਸ਼ ਗਏ।
ਸਤਿਗੁਰ ਉਦੇ ਸਿੰਘ ਜੀ ਤਾਈਂ, ਫੁੱਲਾਂ ਵਾਂਗ ਸ਼ਿੰਗਾਰ ਗਏ॥

ਨੋਟ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ
ਮਾਰਚ 2013 ਹੋਲੇ ਮਹੱਲੇ ਸਮੇਂ ਕਵੀ ਦਰਬਾਰ ਵਿੱਚ ਪੇਸ਼ ਕੀਤੀ ਰਚਨਾ।

ਰਚਨਾ: ਸ੍ਰੀ ਚੰਨਣ ਸਿੰਘ 'ਚਮਨ' ਹਰਗੋਬਿੰਦਪੁਰੀ

# ਸਤਿਜੁਗ

੧ ਤੋਂ ੧੫ ਪੋਹ ੨੦੭੫ ਬ੍ਰਿ.
16 ਤੋਂ 30 ਦਸੰਬਰ 2018 ਈ:
ਜਿਲਦ 26, ਵੀਰਵਾਰ ਨੰਬਰ 28

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

**Date of Publication: 12-12-2018,**
**Date of Posting: 13-14 Dec. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਸੰਪਾਦਕੀ-- ਧਰਮ ਹੇਤਿ ਸਾਕਾ ਜਿਨਿ ਕੀਆ
ਸੇਵਕ ਹਰਪਾਲ ਸਿੰਘ....................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................6

* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ.........................6

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ .........................7

* ਛੋਟੀਆਂ ਜ਼ਿੰਦਾਂ ਵੱਡੇ ਸਾਕੇ
ਅਜੀਤ ਸਿੰਘ 'ਲਾਇਲ' ...........................8

* ਮਹਾਨ ਸ਼ਹੀਦ- ਮਾਤਾ ਗੁਜਰੀ ਜੀ
ਡਾ. ਰਛਪਾਲ ਸਿੰਘ...................................12

* ਇਤੀ ਜਿਨਿ ਕਰੀ (ਗੁਰੂ ਤੇਗ ਬਹਾਦਰ ਜੀ)
ਨਿਸ਼ਾਨ ਸਿੰਘ ਕਥਾਕਾਰ .......................14

* ਸਤਿਗੁਰੂ ਜਗਜੀਤ ਸਿੰਘ ਜੀ ਹੋਏ ਬ੍ਰਹਮਲੀਨ
ਵਿਜੇ ਕੁਮਾਰ ...............................20

* ਸਿਹਤ ਦੀ ਦੁਸ਼ਮਣ ਕੌਫੀ
ਹਰਬੰਸ ਸਿੰਘ ..............................22

* *A Saga Of Sri Satguru Jagjit Singh ji*
*Dr. Sharada Jayagovind*...............................**23**

* ਕਾਵਿ ਕਿਆਰੀ ..................................................25

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ........................28

* ਸੁੱਚੇ ਮੋਤੀ ...................................................30

* ਬੱਚਿਆਂ ਦਾ ਪੰਨਾ.................................................31

* ਖ਼ਬਰਨਾਮਾ.........................................................32

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਧਰਮ ਹੇਤਿ ਸਾਕਾ ਜਿਨਿ ਕੀਆ......

ਸਾਹਿਬ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਨੌਵੇਂ ਪਾਤਸ਼ਾਹ ਸਾਹਿਬ ਗੁਰੂ ਤੇਗਬਹਾਦੁਰ ਜੀ ਦੀ ਸ਼ਹੀਦੀ ਦਾ ਜ਼ਿਕਰ ਕਰਦੇ ਲਿਖਦੇ ਹਨ—

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨੀ ਕਰੀ॥ ਸੀਸੁ ਦੀਆ ਪਰ ਸਿਰਰੁ ਨਾ ਦੀਆ॥

'ਧਰਮ ਹੇਤਿ ਸਾਕਾ'- 'ਧਰਮ, ਸ਼ਬਦ ਦੀ ਵੇਦਾਂ ਗ੍ਰੰਥਾਂ ਵਿਚ ਬੜੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਪਰ ਸੰਖੇਪ ਵਿਚ ਧਰਮ, ਇਕ ਪਵਿੱਤ੍ਰ ਫਰਜ਼ ਹੈ'। ਪਰਉਪਕਾਰ ਦਾ ਨਾਮ ਧਰਮ ਹੈ।'ਧੌਲੁ ਧਰਮੁ ਦਇਆ ਕਾ ਪੂਤੁ' ਗੁਰਵਾਕ ਅਨੁਸਾਰ ਧਰਮ, ਦਇਆ ਦਾ ਪੁੱਤਰ ਹੈ। ਭਾਵ ਕਿ ਜਿਥੇ ਦਇਆ ਹੋਵੇਗੀ ਉਸ ਹਿਰਦੇ ਵਿਚ ਹੀ ਧਰਮ ਦਾ ਜਨਮ ਹੋਵੇਗਾ। ਜਿਸਦੇ ਹਿਰਦੇ ਵਿਚ ਨਿਮਰਤਾ ਹੈ, ਕਿਸੇ ਦੇ ਕੰਮ ਆਉਣ ਦਾ, ਪਰਉਪਕਾਰ ਦਾ ਜਿਸਦੇ ਹਿਰਦੇ ਵਿਚ ਚਾਅ ਹੈ, ਉਹੀ ਧਰਮੀ ਹੈ, ਸਾਧੂ ਜਾਂ ਬ੍ਰਹਮ ਗਿਆਨੀ ਹੈ- ਪੰਚਮ ਪਾਤਸ਼ਾਹ ਦਾ ਵਾਕ ਹੈ—

'ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥

ਗੁਰਬਾਣੀ ਵਿਚ ਸਤਿਗੁਰੂ ਨੂੰ ਧਰਮ ਦੀ ਮੂਰਤ ਲਿਖਿਆ ਹੈ। 'ਸਤਿਗੁਰੁ ਧਰਤੀ ਧਰਮ ਹੈ' ਪਰਮੇਸ਼ਰ ਨਾਲ ਅਭੇਦ ਹੋਈ ਪਰਮ-ਆਤਮਾ ਦਾ ਸਤਿਗੁਰੂ ਰੂਪ ਵਿਚ ਅਵਤਾਰ ਧਾਰਨ ਦਾ ਉਦੇਸ਼ ਹੀ ਧਰਮ ਦੀ ਸਥਾਪਨਾ ਕਰਨਾ, ਸੱਚ ਦੇ ਮਾਰਗ ਤੇ ਆਪ ਚਲਣਾ ਅਤੇ ਲੋਕਾਈ ਨੂੰ ਇਸ ਸੱਚ ਧਰਮ ਤੇ ਚਲਣ ਦੀ ਪ੍ਰੇਰਣਾ, ਅਤੇ ਹਰੀ ਨਾਲ ਜੋੜਨਾ ਹੁੰਦਾ ਹੈ। ਸਤਿਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ—

ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ, ਹੋਰਨਾ ਨੋ ਹਰਿ ਮਾਰਗਿ ਪਾਏ॥

ਇਨ੍ਹਾਂ ਤਾਰੀਫਾਂ ਵਾਲੇ ਸਤਿ-ਸਰੂਪ ਸਤਿਗੁਰੂ, ਗੁਰੂ ਤੇਗ ਬਹਾਦਰ ਜੀ ਨੇ ਜ਼ੁਲਮ ਤੋਂ ਧਰਮ ਨੂੰ ਬਚਾਉਣ ਵਾਸਤੇ, ਮਜ਼ਲੂਮਾਂ ਦੀ ਰੱਖਿਆ ਲਈ, 'ਸੀਸੁ ਦੀਆ ਪਰ ਸਿਰਰੁ ਨ ਦੀਆ।' ਸੀਸ ਵੀ ਦਿੱਤਾ ਪਰ ਕਿਸੇ ਦੇ ਧਰਮ ਦੀ ਰੱਖਿਆ ਵਾਸਤੇ''ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।' ਤਾ ਕਾ ਭਾਵ ਉਨ੍ਹਾਂ ਦਾ, ਤਿਲਕ-ਜੰਞੂ ਵਿਚ ਗੁਰੂ ਸਾਹਿਬ ਦੀ ਆਪਣੀ ਆਸਥਾ ਨਹੀਂ ਸੀ। ਪਰ ਜਿਨ੍ਹਾਂ ਦੀ ਆਸਥਾ ਸੀ ਉਨ੍ਹਾਂ ਦੇ ਧਰਮ ਚਿੰਨ੍ਹ ਤਲਵਾਰ ਦੇ ਜ਼ੋਰ ਨਾਲ ਲਹਾਏ ਜਾ ਰਹੇ ਸਨ, ਧਰਮ ਤਬਦੀਲ

ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਕੱਟੜਵਦੀ ਮੁਗਲ ਹਾਕਮ ਔਰੰਗਜੇਬ ਤਲਵਾਰ ਦੇ ਜੋਰ ਨਾਲ ਸਾਰੇ ਭਾਰਤ ਨੂੰ ਇੱਕੋ ਇਸਲਾਮੀ ਰੰਗ ਵਿਚ ਰੰਗਣਾ ਚਾਹੁੰਦਾ ਸੀ- ਦੋ ਤੋਂ, ਹਿੰਦੂ ਅਤੇ ਮੁਸਲਮਾਨਾਂ, ਤੋਂ ਸਭ ਨੂੰ ਇਕੋ ਧਰਮ, ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਉਨ੍ਹਾਂ ਸ਼ੁਰੂਆਤ ਕੀਤੀ ਹਿੰਦੂ ਧਰਮ ਦੀ ਉਚ ਜਾਣੀ ਜਾਂਦੀ ਜਾਤੀ ਬ੍ਰਾਹਮਣਾਂ ਤੋਂ। ਕਸ਼ਮੀਰ ਪੰਡਤਾਂ, ਬ੍ਰਾਹਮਣਾਂ ਦਾ ਗੜ੍ਹ ਸੀ। ਔਰੰਗਜੇਬ ਦੇ ਜੁਲਮ ਤੋਂ ਤੰਗ ਹੋ ਕੇ ਕਸ਼ਮੀਰ ਦੇ ਬ੍ਰਾਹਮਣਾਂ ਦਾ ਇਕ ਵਫਦ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸਰਣ ਆਇਆ। ਸਤਿਗੁਰੂ ਦਾ ਇਹ ਵੀ ਬਿਰਧ ਹੈ ਕਿ 'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ'। ਬ੍ਰਾਹਮਣਾਂ ਨੇ ਬੜੀ ਕਰੁਣਾਮਈ ਬੇਨਤੀ ਕੀਤੀ ਕਿ ਸਾਡੀ ਰੱਖਿਆ ਕਰੋ। ਸਾਨੂੰ ਕਿਹਾ ਗਿਆ ਹੈ ਕਿ ਇਸਲਾਮ ਕਬੂਲ ਕਰੋ, ਜਾਂ ਮਰਣ ਲਈ ਤਿਆਰ ਹੋ ਜਾਉ। -

ਦੋਹਾਂ ਹਲਾਤਾਂ ਵਿਚ ਹਿੰਦੂ ਧਰਮ ਖਤਮ ਹੋ ਜਾਵੇਗਾ। ਕਮਜੋਰ ਹਿੰਦੂ। ਧਰਮ ਤਿਆਗ ਕੇ ਮੁਸਲਮਾਨ ਬਣ ਰਹੇ ਹਨ। ਪਰ ਜੋ ਧਰਮ ਵਿਚ ਪੱਕੇ ਹਨ ਮਾਰੇ ਜਾ ਰਹੇ ਹਨ। ਇਹ ਗੁਰੂ ਨਾਨਕ ਦਾ ਘਰ ਹੀ ਹੈ, ਜੋ ਨਿਰਭਉ ਤੇ ਨਿਰਵੈਰ ਹੈ, ਜੋ ਬਾਬਰ ਨੂੰ ਜ਼ਾਬਰ ਕਹਿਣ ਦੀ ਜੁਰਤ ਕਰ ਸਕਦਾ ਹੈ। - ਸਤਿਗੁਰੂ ਜੀ ਨੇ ਉਨ੍ਹਾਂ ਪੰਡਤਾਂ ਨੂੰ ਅਭੈ-ਦਾਨ ਦੇਂਦਿਆਂ ਬਚਨ ਕੀਤਾ ਕਿ ਜਾ ਕੇ ਹਾਕਮਾਂ ਨੂੰ ਕਹਿ ਦਿਉ ਸਾਡੇ ਗੁਰੂ ਤੇਗ ਬਹਾਦਰ ਹਨ, ਜੇ ਉਹ ਇਸਲਾਮ ਕਬੂਲ ਕਰ ਲੈਣਗੇ ਤਾਂ ਸਾਰੇ ਭਾਰਤ ਦੇ ਹਿੰਦੂ ਵੀ ਮੁਸਲਮਾਨ ਬਣ ਜਾਣਗੇ।

ਰਾਸ਼ਟਰ ਕਵੀ ਮੈਥਿਲੀਸ਼ਰਣ ਗੁਪਤ ਦੇ ਕਾਵਿਕ ਸ਼ਬਦਾਂ ਵਿਚ -ਜਾਉ ਵਿਪ੍ਰਵਰੋ ਨਿਰਭਯ ਹੋ ਲਿਖ ਦੋ ਬਾਦਸ਼ਾਹ ਕੋ ਪਤ੍ਰ; ਤੇਗ ਬਹਾਦੁਰ ਮੁਸਲਮਾਨ ਹੋ ਤੋ ਯਹ ਮਤ ਫੈਲੇ ਸਰਵਤ੍ਰ। ਵਹੀ ਅਗੁਈ ਆਜ ਹਮਾਰਾ ਹਮ ਸਭ ਹਿੰਦੂ ਉਸਕੇ ਸੰਗ, ਦੇਖੇਂ ਕਿਆ ਉਤਰ ਦੇਤਾ ਹੈ ਇਸਕਾ ਅਨਿਆਈ ਔਰੰਗ॥ ਕਸ਼ਮੀਰ ਦੇ ਨਵਾਬ ਰਾਹੀਂ ਇਹ ਸੰਦੇਸ਼ ਔਰੰਗਜੇਬ ਤੱਕ ਪਹੁੰਚ ਗਿਆ। ਗੁਰੂ ਸਾਹਿਬ ਨੂੰ ਦਿੱਲੀ ਸੱਦਿਆ ਗਿਆ। ਬਾਦਸ਼ਾਹ ਵੱਲੋਂ ਦਿੱਤੇ ਗਏ ਵੱਡੇ ਤੋਂ ਵੱਡੇ ਲਾਲਚ ਜਾਂ ਡਰ ਗੁਰੂ ਸਾਹਿਬ ਅਤੇ ਆਪਦੇ ਸਿੱਖਾਂ ਨੂੰ ਰੰਚਕ ਮਾਤਰ ਵੀ ਥਿੜਕਾ ਨਾ ਸਕੇ। ਭਾਈ ਸਤੀ ਦਾਸ, ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਬਹੁਤ ਭਿਆਨਕ ਸਜਾਵਾਂ ਦੇ ਕੇ ਸ਼ਹੀਦ ਕੀਤਾ ਗਿਆ। - ਹਾਕਮਾਂ ਨੂੰ ਜਾਪਦਾ ਸੀ, ਆਪਣੇ ਸੇਵਕਾਂ ਦੀ ਇੰਨੀ ਭਿਆਨਕ ਮੌਤ ਦੇਖ ਕਿ ਗੁਰੂ ਸਾਹਿਬ ਡਰ ਕੇ ਇਸਲਾਮ ਕਬੂਲ ਕਰ ਲੈਣਗੇ ਤੇ ਸਾਡਾ ਮਨੋਰਥ ਪੂਰਾ ਹੋ ਜਾਵੇਗਾ।

ਪਰ ਗੁਰੂ ਸਾਹਿਬ ਨੇ ਕਿਹਾ- 'ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ - ਉਸ ਮੌਤ ਤੋਂ ਡਰਾਉਂਦੇ ਹੋ ਜੋ ਅਟੱਲ ਸੱਚਾਈ ਹੈ, ਇਥੇ ਕੋਈ ਵੀ ਸਥਿਰ ਨਹੀਂ, ਨਾ ਰਾਜਾ, ਨਾ ਰੰਕ, ਮੌਤ ਇੱਕ ਦਿਨ ਸਭ ਨੂੰ ਆਵੇਗੀ। ਸਾਡਾ ਧਰਮ ਹੈ ਕਿ ਨਾ ਅਸੀਂ ਕਿਸੇ ਨੂੰ ਡਰਾਉਂਦੇ ਹਾਂ ਅਤੇ ਨਾ ਹੀ ਡਰਦੇ ਹਾਂ, ਮੌਤ ਤੋਂ ਵੀ ਨਹੀਂ। ਆਖਰ ਮੱਘਰ ਸੁਦੀ ਪੰਚਮੀ ਸੰਮਤ 1832 ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਜ਼ੁਲਮ ਦੀ ਤੇਗ ਹਾਰ ਗਈ ਅਤੇ ਗੁਰੂ ਸਾਹਿਬ ਦੀ ਤੇਗ ਬਹਾਦਰੀ ਦੀ ਜਿੱਤ ਹੋਈ, ਨਿਡਰ ਭਾਰਤ ਦੇ ਨਿਰਮਾਣ ਦੀ ਨੀਂਹ ਰੱਖੀ ਗਈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਆਜ਼ਾਦੀ ਮਹੱਲ ਦੀ ਨੀਂਹ ਵਿਚ ਦੂਸਰੀ ਸ਼ਹਾਦਤ ਸੀ। ਜੋ ਇਕ ਵਿਲੱਖਣ ਇਸ ਕਰਕੇ ਵੀ ਸੀ ਕਿ ਗੁਰੂ ਸਾਹਿਬ ਨੇ ਕਿਸੇ ਦੇ ਧਰਮ ਦੀ ਰੱਖਿਆ ਲਈ, ਜਾਲਮ ਦੀ ਤਲਵਾਰ ਦਾ ਮੂੰਹ ਮੋੜਨ ਲਈ ਆਪ ਮੌਤ ਨੂੰ ਆਮੰਤ੍ਰਣ ਦਿੱਤਾ। ਆਪ ਚੱਲ ਕੇ ਦਿੱਲੀ ਗਏ ਅਤੇ ਸ਼ਹੀਦ ਹੋਏ। ਦਸਮ ਪਾਤਸ਼ਾਹ ਲਿਖਦੇ ਹਨ-

ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥

ਇਤਿਹਾਸ ਵਿਚ ਇਕ ਅਪੂਰਵ ਬਲੀਦਾਨ ਦਾ ਅਧਿਆਇ ਲਿਖਿਆ ਗਿਆ। ਗੁਰੂ ਤੇਗ ਬਹਾਦਰ ਜੀ ਬਾਰੇ ਆਮ ਕਹਾਵਤ ਪ੍ਰਚਲਤ ਹੈ - 'ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ'। ਜਿੰਨਾਂ ਧਰਮ ਦੀ ਚਾਦਰ ਬਣ ਹਿੰਦ ਦੀ ਪਤ ਬਚਾਈ ਪਰ ਕਵੀ ਸੈਨਾਪਤੀ ਆਪਣੀ ਰਚਨਾ ਵਿਚ ਗੁਰੂ ਸਾਹਿਬ ਨੂੰ ਸ੍ਰਿਸ਼ਟੀ ਦੀ ਚਾਦਰ ਲਿਖਦੇ ਹਨ-

ਪ੍ਰਗਟ ਪਏ ਗੁਰੂ ਤੇਗ ਬਹਦੁਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ॥
ਕਰਮ ਸ਼ਰਮ ਕੀ ਜਿਨਿ ਪਤਿ ਰਾਖੀ। ਅਟਲ ਭਈ ਕਲਜੁਗ ਮੈਂ ਸਾਖੀ॥

ਗੁਰੂ ਸਾਹਿਬ ਜੀ ਦੀ ਸ਼ਹਾਦਤ ਸਿੱਖ ਕੌਮ ਲਈ ਇਕ ਪ੍ਰੇਰਣਾ ਬਣ ਕੇ ਮਹਾਂਸ਼ਕਤੀ ਦੇ ਰੂਪ ਵਿਚ ਪ੍ਰਗਟ ਹੋਈ। ਦਸਮ ਪਾਤਸ਼ਾਹ ਨੇ ਧਰਮ ਦੀ ਰੱਖਿਆ ਲਈ ਤੀਸਰਾ ਪੰਥ ਦਇਆ, ਧਰਮ, ਹਿੰਮਤ ਦਾ ਸੁਮੇਲ ਖਾਲਸਾ ਪੰਥ ਪੈਦਾ ਕੀਤਾ ਜੋ ਸਵਾ ਲੱਖ ਨਾਲ ਇਕੱਲਾ ਸਿੰਘ ਵੀ ਜੂਝਣ ਦੀ ਹਿੰਮਤ ਰੱਖਦਾ ਸੀ। ਜੋ ਆਪਣੇ ਧਰਮ ਤੇ ਕਾਇਮ ਰਹਿਣ ਲਈ ਮੁਹਕਮ ਸੀ, ਅਡਿੱਗ ਸੀ, ਅਜਿਹੇ ਭਗਤੀ ਤੇ ਸ਼ਕਤੀ ਦੇ ਸੁਮੇਲ, ਸੰਤ ਸਿਪਾਹੀ ਖਾਲਸੇ ਨੂੰ ਗੁਰੂ ਸਾਹਿਬ ਨੇ ਸਾਹਿਬੀ ਬਖਸ਼ੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਕਰੀਬ ਇਕ ਸਦੀ ਵਿਚ ਇਕ ਲੱਖ ਤੋਂ ਵੱਧ ਸਿੰਘ ਸ਼ਹੀਦ ਹੋਏ। ਅਨੰਦਪੁਰ ਤੋਂ ਦਸਮ ਪਾਤਸ਼ਾਹ ਨਾਲ ਸੈਂਕੜੇ ਸਿੰਘ ਚਾਰੇ ਸਾਹਿਬਜ਼ਾਦੇ, ਅਤੇ ਮਾਤਾ ਗੁਜਰੀ ਜੀ ਵਹੀਰ ਦੇ ਰੂਪ ਵਿਚ ਨਿਕਲੇ ਅਤੇ ਚਮਕੌਰ ਤੋਂ ਨਿਕਲਣ ਵੇਲੇ ਗੁਰੂ ਸਾਹਿਬ ਨਾਲ ਕੇਵਲ ਤਿੰਨ ਸਿੰਘ ਬਚੇ, ਬਾਕੀ ਸਾਰੇ ਸਿੰਘ, ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਇਕ ਹਫਤੇ ਵਿਚ ਸ਼ਹੀਦ ਹੋ ਗਏ। ਇਸ ਨੂੰ ਸ਼ਹੀਦੀ ਹਫਤਾ ਵੀ ਕਿਹਾ ਜਾਂਦਾ ਹੈ। ਇਸ ਤੋਂ ਬਾਦ ਬਾਬਾ ਬੰਦਾ ਬਹਾਦਰ ਦੀ ਅਗਵਾਈ ਵਿਚ ਮਹਾਨ ਸੰਘਰਸ਼, ਜ਼ਾਲਮਾਂ ਨੂੰ ਸਜਾਵਾਂ ਅਤੇ ਸਮੇਤ ਬਾਬਾ ਬੰਦਾ ਬਹਾਦਰ ਉਸ ਦੇ ਚਾਰ ਸਾਲ ਦੇ ਪੁੱਤਰ ਅਤੇ ਅਨੇਕਾਂ ਸਿੰਘਾਂ ਦੀਆਂ ਸ਼ਹੀਦੀਆਂ, ਦੋ ਘੱਲੂਘਾਰੇ ਜਿੰਨਾਂ ਵਿਚ ਹਜ਼ਾਰਾਂ ਸਿੰਘ, ਸਿੰਘਨੀਆਂ ਅਤੇ ਬੱਚੇ ਸ਼ਹੀਦ ਹੋਏ। ਮਾਵਾਂ ਦੀਆਂ ਝੋਲੀਆਂ ਵਿੱਚ ਬੱਚਿਆਂ ਦੇ ਟੁਕੜੇ ਕਰ ਕੇ ਪਾਏ ਗਏ ਪਰ ਸਿਦਕੀ ਸਿੰਘਣੀਆਂ ਨੇ ਇਸਲਾਮ ਨਾ ਕਬੂਲਿਆ, ਧਰਮ ਨਾ ਹਾਰਿਆ। ਇਹਨਾਂ ਅਨੇਕਾਂ ਸ਼ਹੀਦੀਆਂ ਪਿੱਛੇ ਪ੍ਰੇਰਣਾਂ ਸੀ। – ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ। ਕੇਵਲ ਸੱਤ ਤੇ ਨੌਂ ਸਾਲ ਦੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਦੋਂ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਤਾਂ ਉਹਨਾਂ ਦਾ ਵੀ ਉਤਰ ਸੀ–

ਹਮਰੇ ਬੰਸ ਰੀਤ ਇਹ ਆਈ।ਸੀਸ ਜਾਏ ਪਰ ਧਰਮ ਨਾ ਜਾਈ॥

ਬਾਬਾ ਬੰਦਾ ਬਹਾਦਰ ਦੇ ਸਾਥੀ ਕਰੀਬ 700 ਸਿੰਘਾਂ ਦਾ ਜਦੋਂ ਸ਼ਹੀਦ ਕਰਨ ਤੋਂ ਪਹਿਲਾਂ ਦਿੱਲੀ ਵਿਚ ਜਲੂਸ ਕੱਢਿਆ ਜਾ ਰਿਹਾ ਸੀ ਤਾਂ ਖੁਸ਼ੀ ਦੇ ਸ਼ਬਦ ਪੜ੍ਹਦੇ, ਆਖ ਰਹੇ ਸਨ ਕੇ ਸਾਡੇ ਧੰਨ ਭਾਗ ਹਨ ਅਸੀਂ ਓਸੇ ਦਿੱਲੀ ਵਿਚ ਸ਼ਹੀਦ ਹੋਵਾਂਗੇ ਜਿੱਥੇ ਸਾਡੇ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਏ ਹਨ। ਇਹੋ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਹੀ 19 ਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਬਰਤਾਨਵੀ ਸਮਾਰਾਜ ਵਿਰੁੱਧ ਨਾਮਧਾਰੀ ਸ਼ਹੀਦ ਸਿੰਘਾਂ ਲਈ ਪ੍ਰੇਰਣਾ ਸੀ। ਜੋ ਆਖਦੇ ਸਨ ਸਾਨੂੰ ਗੁਰੂ ਤੇਗ ਬਹਾਦਰ ਦਾ ਹੁਕਮ ਹੁੰਦਾ ਹੈ ਕਿ ਮਲੇਰਕੋਟਲੇ ਤੇ ਧਾਵਾ ਕਰੋ, ਧਰਮ ਹਿੱਤ ਸੀਸ ਦੇਵੋ। ਇਹ ਸੱਚ ਦਾ, ਧਰਮ ਦਾ ਮਾਰਗ ਹੈ ਕਿ ਜਿਸ ਤੇ ਚੱਲਣਾ, ਖੰਡੇ ਧਾਰ ਤੇ ਤੁਰਣਾ ਹੈ–


ਜੇ ਚਲਣੈ ਸਚ ਦੇ ਰਾਹ ਤੇ,
ਇਹਦੇ ਹਰ ਮੋੜ ਦੇ ਉਤੇ,
ਕਦੇ ਸਰਹੰਦ ਆਵੇਗੀ,
ਕਦੇ ਚਮਕੌਰ ਆਵੇਗਾ॥

ਉਸ ਸਮੇਂ ਦੇ ਭਾਰਤ ਦੇ ਹੁਕਮਰਾਨ ਜਿਸ ਮੁਗਲ ਬਾਦਸ਼ਾਹ ਔਰੰਗਜੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਅੱਜ ਉਸ ਦੀ ਅੰਸ ਬੰਸ ਦਾ ਕੋਈ ਨਾਮੋ ਨਿਸ਼ਾਨ ਨਹੀ ਦਿਸਦਾ, ਉਸ ਦੀ ਕਬਰ ਦੇ ਪਾਸ ਮੰਗਤੇ ਬੈਠੇ ਹੁੰਦੇ ਹਨ ਜੋ ਯਾਤਰੀਆਂ ਤੋਂ ਭਿਖਿਆ ਮੰਗਦੇ ਹਨ ਪਰ ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ ਪੂਰੇ ਵਿਸ਼ਵ ਵਿਚ ਅਨੇਕਾਂ ਗੁਰਦੁਆਰੇ ਹਨ ਜਿੱਥੇ ਲੰਗਰ ਚੱਲਦੇ ਹਨ। ਉਥੇ ਬਿਨਾਂ ਕਿਸੇ ਵਿਤਕਰੇ ਹਰ ਕਿਸੇ ਨੂੰ ਲੰਗਰ ਮਿਲਦਾ ਹੈ– ਗੁਰੂ ਸਾਹਿਬ ਦੀ ਜੈ ਜੈ ਕਾਰ ਹੁੰਦੀ ਹੈ ਜੋ ਯੁਗਾਂ ਤੱਕ ਹੁੰਦੀ ਰਹੇਗੀ। ਇਸੇ ਮਹੀਨੇ ਵਿਚ ਹੀ 13 ਦਸੰਬਰ 2012 ਨੂੰ ਲੱਖਾਂ ਹਿਰਦਿਆਂ ਦੀ ਧੜਕਣ, ਧਰਮ ਦੀ ਧੁਜਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗਤਾਂ ਨੂੰ ਵਿਛੋੜਾ ਦੇ ਗਏ ਹਨ। ਆਪ ਜੀ ਦੀਆਂ ਪਾਈਆਂ ਪੈੜਾਂ ਸਦੀਵ ਕਾਲ ਸਾਡਾ ਰਾਹ ਰੁਸ਼ਨਾਉਂਦੀਆਂ ਰਹਿਣਗੀਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚ ਰਿਕਾਰਡ ਹੈ, ਆਪ ਜੀ ਬਚਨ ਕਰਿਆ ਕਰਦੇ ਸਨ ਕਿ ਸਾਡੇ ਬੱਚੇ ਦੇ ਪੈਰ ਵਿਚ ਛੋਟੀ ਜਿਹੀ ਸੂਲ ਵੀ ਚੁੱਭ ਜਾਵੇ ਤਾਂ ਸਾਨੂੰ ਬੜੀ ਤਕਲੀਫ ਹੁੰਦੀ ਹੈ। ਸਾਡੇ ਗੁਰੂ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਮ ਵਾਸਤੇ, ਸਿੱਖੀ ਵਾਸਤੇ ਆਪਣੇ ਚਾਰੇ ਸਾਹਿਬਜ਼ਾਦੇ ਕੁਰਬਾਨ ਕੀਤੇ। ਇਸ ਸ਼ਹਾਦਤ ਨੂੰ ਯਾਦ ਕਰਕੇ ਸਾਨੂੰ ਆਪਣੇ ਸਤਿਗੁਰੂ ਦੇ ਬਖਸ਼ੇ ਸਾਬਤ ਸੂਰਤ ਸਿੱਖੀ ਸਰੂਪ ਦੇ ਧਾਰਨੀ ਬਨਣਾ ਚਾਹੀਦਾ ਹੈ।

ਇਹ ਸੰਯੋਗ ਹੀ ਹੈ ਕਿ ਗੁਰੂ ਤੇਗ ਬਹਾਦਰ ਜੀ, ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦੀ ਅਤੇ ਸੈਂਕੜੇ ਸਿੰਘਾਂ ਦੀ ਸ਼ਹੀਦੀ ਦੇ ਪੁਰਬ ਇਕ ਮਹੀਨੇ ਦੇ ਵਿਚ ਵਿਚ ਹੀ ਆਉਂਦੇਂ ਹਨ। ਕੇਡਾ ਚੰਗਾ ਹੋਵੇ ਕਿ ਇਹ ਪੁਰਬ ਸਾਰੇ ਭਾਰਤ ਵਾਸੀ ਇਕੱਠੇ ਹੋ ਕਿ ਮਨਾਉਣ, ਘੱਟੋ ਘੱਟ ਇਹਨਾਂ ਪੁਰਬਾਂ ਤੇ ਸਾਡੇ ਰਾਜਨੇਤਾ ਕੋਈ ਸਿਆਸੀ ਗੱਲ ਨਾ ਕਰਨ, ਕੇਵਲ ਉਨਾਂ ਸ਼ਹਾਦਤਾਂ ਦੀ ਗੱਲ ਕਰੀਏ। ਮਹੀਨੇ ਭਰ ਲਈ ਹੀ ਸਈ, ਪੰਜਾਬ ਵਿਚ ਸ਼ਰਾਬ ਦੇ ਠੇਕੇ ਬੰਦ ਰਹਿਣ। ਇੰਨਾ ਕੁ ਹੀ ਸੰਜਮ ਕਰ ਲਈਏ ਕਿ ਉਹਨਾਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਕੇ ਮਹੀਨਾ ਭਰ ਕੋਈ ਜੀਵ ਹਿੰਸਾ ਨਾ ਹੋਵੇ, ਕੋਈ ਮੀਟ ਨਾ ਖਾਵੇ। ਇਹਨਾਂ ਦਿਨਾਂ ਵਿਚ ਅਸੀਂ ਘਰ ਪਰਿਵਾਰ ਵਿਚ ਗੁਰੂ ਸਾਹਿਬ ਜੀ ਦੀ, ਸਾਹਿਬਜਾਦਿਆਂ ਦੀ, ਸਿੰਘਾਂ ਦੀਆਂ ਸ਼ਹੀਦੀਆਂ ਦੀ ਕਥਾ ਵਾਰਤਾ ਕਰੀਏ ਸੁਣੀਏ ਤਾਂ ਧਰਮ ਦੀ ਸਥਾਪਨਾ ਵਿਚ ਸਾਡਾ ਵੀ ਕੋਈ ਯੋਗਦਾਨ ਹੋ ਸਕਦਾ ਹੈ।

**ਹਰਪਾਲ ਸਿੰਘ ਸੇਵਕ, 94176-01321**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਅਸੀ ਕੁਛ ਪਦਾਰਥ ਜੋ ਥੁਆਨੂ ਦਿਤਾ ਹੈ, ਤੁਸੀ 100 ਸੌ ਰਪਈਆ ਤਾ ਰੁੜਕੀ ਦੇ ਜਾਣਾ ਦਿਆ ਸਿੰਘ ਨੂ, 200 ਦੋ ਸੌ ਡੇਰੇ ਭਾਈ ਹਰੀ ਸਿੰਘ ਨੂ ਦੇਣਾ। 10 ਦਸ ਸਰਫੀਆ ਭਾਈ ਹਰੀ ਸਿੰਘ ਨੂ ਦੇ ਦੇਣੀਆ। ਦੇਖਣਾ ਪਦਾਰਥ ਖਰੇ ਤਕੜੇ ਹੋ ਕੇ ਲੈ ਜਾਣਾ। ਕਿਸੇ ਦਾ ਵਸਾਹੁ ਨਹੀ ਕਰਨਾ, ਰਖ ਕੇ ਨਹੀ ਨਾਉਣਾ। ਇਕ ਨਾਏ ਤਾ ਇਕ ਸਰੀਰ ਗੰਡੜੀ ਖੂਬ ਕਛ ਮੈ ਦਬਾਇਕੇ ਰਖੇ, ਫੇਰ ਦੂਆ ਨਾਏ। ਉਹ ਬੀ ਗੰਢੜੀ ਖੂਬ ਸਾਭਕੇ ਰਖੇ। ਨਾ ਕਿਸੇ ਨੂੰ ਦਸਣਾ, ਨਾ ਦਿਖਾਲਣਾ ਧਨ।

ਹੋਰ ਜੋ ਹਰਿਦਾਸਾ ਹੈ ਸੋ ਭੀ ਸਾਭ ਕੇ ਲੈ ਜਾਣੀਆ। ਨਾ ਕਿਤੇ ਡੇਗ ਦੇਣੀਆ, ਨਾ ਕਿਸੇ ਨੂ ਦਿਖਾਉਣੀਆ, ਨਾ ਅਖਰ ਜੁੜ ਜਾਣ। ਦੇਖਣਾ ਬੜੀ ਮਿਹਨਤ ਕਰਕੇ ਲਿਖੀਆ ਹੈਨ। ਡਿਗਣ ਤੇ ਅਰ ਜੁੜਨ ਤੇ, ਕਿਸੇ ਨੂ ਦਖਾਣ ਤੇ ਹਰਿਦਾਸਾ ਦੀ ਬਹੁਤ ਤਕੜਾਈ ਰਖਣੀ।

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



## ਸਾਹਿਬਜ਼ਾਦਿਓਂ ਕੇ ਸਾਹਿ ਲੜੇ।

ਸਾਹਿਬਜ਼ਾਦਿਆਂ ਦੇ ਸਹਿਤ ਚਮਕੌਰ ਵਿੱਚ ਲੜੇ, ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਸ਼ਹੀਦ ਕਰਵਾ ਕੇ ਕਹਿੰਦੇ ਨੇ,

"ਹੇ ਅਕਾਲ ਪੁਰਖ, ਇਹ ਤੇਰੀ ਅਮਾਨਤ ਸੀ, ਅਦਾ ਹੋਈ। ਸ਼ੁਕਰ ਹੈ ਕਿ ਤੂੰ ਆਪਣੀ ਚੀਜ਼ ਆਪ ਲਈ ਹੈ।"

ਅਸੀਂ ਕੀ ਉਪਕਾਰ ਸਮਝਿਆ? ਪੁੱਤਰ ਬਲਿਦਾਨ, ਪਿਤਾ ਬਲਿਦਾਨ, ਮਾਤਾ ਬਲਿਦਾਨ, ਆਪ ਬਲਿਦਾਨ ਸਾਰੀ ਉਮਰ ਭਾਵੇਂ ਸਭ ਕੁਛ ਉਹਨਾਂ ਦੇ ਪਾਸ ਸੀ, ਕਾਹਦੇ ਵਾਸਤੇ? ਜਦੋਂ ਮਾਤਾ ਜੀ ਆ ਕੇ ਦਮਦਮੇ ਕਹਿੰਦੇ ਨੇ,

"ਕਿਧਰ ਗਏ ਮੇਰੇ ਚਾਰ ਪੁੱਤਰ?"

ਕਹਿੰਦੇ ਨੇ, "ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।"

ਫਿਰ, ਸਾਨੂੰ ਵਾਰਿਆਂ ਦਾ, ਹੁਣ ਅਸੀਂ ਨਿਮਕ ਹਰਾਮੀ ਨਹੀਂ, ਅਸੀਂ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਕਮਾਉਂਦੇ ਹਾਂ- ਅਸੀਂ ਗੁਰੂ ਦੀ ਸਿੱਖੀ ਨੂੰ ਮੰਨਦੇ ਹਾਂ।

# ਛੋਟੀਆਂ ਜਿੰਦਾਂ ਵੱਡੇ ਸਾਕੇ

✍- ਅਜੀਤ ਸਿੰਘ ਲਾਇਲ

ਗੁਰੂ ਨਾਨਕ ਦੇਵ ਜੀ ਨੇ ਸਿੱਖੀ-ਸਰੂਪ ਦਾ ਖਾਕਾ ਚਿਤਰਿਆ ਸੀ ਉਸ ਵਿਚ ਸਮੇਂ-ਸਮੇਂ ਵਕਤ ਦੇ ਰਹਿਨੁਮਾਵਾਂ ਨੇ ਜਿਹੜੇ ਰੰਗ ਭਰੇ, ਉਸ ਨਾਲ ਇਹ ਸਿੱਖੀ-ਸਰੂਪ ਦੀ ਤਸਵੀਰ ਲਾਸਾਨੀ ਅਤੇ ਬੇ-ਮਿਸਾਲ ਹੋ ਨਿੱਬੜੀ। ਰਾਗ, ਨਾਦ ਅਤੇ ਰੱਬੀ ਰੰਗ ਵਿਚ ਰੰਗੀਆਂ ਰੂਹਾਂ ਨੇ ਅਜਿਹਾ ਇਤਿਹਾਸ ਸਿਰਜਿਆ ਜੋ ਆਪਣੀ ਬੁੱਕਲ ਵਿੱਚ ਅਧਿਆਤਮਵਾਦ ਦੇ ਨਾਲ-ਨਾਲ ਬੇ-ਮਿਸਾਲ ਘਟਨਾਵਾਂ, ਗਾਥਾਵਾਂ, ਸ਼ਹੀਦੀਆਂ, ਸਾਕੇ ਅਤੇ ਘੱਲੂਘਾਰੇ ਸਮੇਟੀ ਬੈਠਾ ਹੈ।

ਸਾਕਾ-ਸਰਹਿੰਦ ਸਿੱਖ ਇਤਿਹਾਸ ਵਿਚ ਕਰਬਲਾ ਦੀ ਕਹਾਣੀ ਹੈ ਜਿਸਨੇ ਸਿੱਖ ਕੌਮ ਵਿਚ ਇਕ ਨਵਾਂ ਜੋਸ਼, ਅਣਖ ਅਤੇ ਦੇਸ਼-ਧਰਮ ਤੋਂ ਮਰ ਮਿੱਟਣ ਦਾ ਵਲਵਲਾ ਹੋਰ ਪਰਜਵਲਿੱਤ ਕੀਤਾ। ਉਵੇਂ ਹੀ ਜਿਵੇਂ ਇਕਬਾਲ ਨੇ ਲਿਖਿਆ ਹੈ:

"ਇਸਲਾਮ ਜ਼ਿੰਦਾ ਹੋਤਾ ਹੈ
ਹਰ ਕਰਬਲਾ ਕੇ ਬਾਅਦ"

ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਵਿਸਥਾਰ ਵਿਚ ਜਾਣ ਤੋਂ ਪਹਿਲੋਂ ਸਾਨੂੰ ਉਸ ਮਾਹੌਲ ਅਤੇ ਹਾਲਾਤਾਂ ਸੰਬੰਧੀ ਜਾਣਨਾ ਪਵੇਗਾ, ਜਿਨ੍ਹਾਂ ਹਾਲਤਾਂ ਵਿੱਚ ਸਾਹਿਬਜ਼ਾਦਿਆਂ ਦਾ ਜਨਮ, ਪਾਲਣ-ਪੋਸ਼ਣ ਅਤੇ ਫਿਰ ਦਿਲ ਕੰਬਾਊ ਸ਼ਹੀਦੀ ਹੋਈ।

ਗੁਰੂ ਗੋਬਿੰਦ ਸਿੰਘ ਜੀ ਨੇ ਨਾਹਨ ਦੇ ਰਾਜੇ ਦੀ ਬੇਨਤੀ ਪ੍ਰਵਾਨ ਕਰਦਿਆਂ ਪਾਉਂਟੇ ਲਈ ਕਿਆਮ ਕੀਤਾ। ਪਾਉਂਟੇ ਮਨਮੋਹਕ ਵਾਤਾਵਰਨ ਵਿੱਚ ਜਮਨਾ ਦੇ ਕੰਢੇ ਲੰਬਾ ਸਮਾਂ ਪੁਰਾਤਨ ਗ੍ਰੰਥਾਂ ਦਾ ਅਧਿਐਨ, ਚਿੰਤਨ ਅਤੇ ਸਾਹਿਤ ਸਿਰਜਣਾ ਦਾ ਕੰਮ ਹੋਇਆ। ਪਰ ਅਚਾਨਕ ਇਸ ਕਾਵਿਕ ਅਤੇ ਸ਼ਾਂਤਮਈ ਮਾਹੌਲ ਵਿਚ ਵਿਘਨ ਪੈ ਗਿਆ ਜਦੋਂ ਅਕਾਰਨ ਹੀ ਗੜ੍ਹਵਾਲ ਦੇ ਰਾਜੇ ਫਤਹਿ ਚੰਦ ਅਤੇ ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਅਗਵਾਈ ਹੇਠ, ਪਹਾੜੀ ਫੌਜਾਂ ਨੇ ਪਾਉਂਟੇ ਤੇ ਹੱਲਾ ਬੋਲ ਦਿੱਤਾ। ਗੁਰੂ ਸਾਹਿਬ ਬਿਚਿਤ੍ਰ ਨਾਟਕ ਵਿਚ ਵਰਣਨ ਕਰਦੇ ਹਨ:

ਫਤੇਸਾਹ ਕੋਪਾ ਤਬਿ ਰਾਜਾ
ਲੋਹ ਪਰਾ ਹਮ ਸੋ ਬਿਨੁ ਕਾਜਾ॥

ਸਿੱਖ ਭਾਵੇਂ ਲੜਾਈ ਦੇ ਤਰੀਕਿਆਂ ਤੋਂ ਅਨਜਾਣ ਸਨ, ਪਰ ਜਿਸ ਫੁਰਤੀ ਅਤੇ ਬਹਾਦਰੀ ਨਾਲ ਉਨ੍ਹਾਂ ਨੇ ਪੇਸ਼ਾਵਰ ਫ਼ੌਜਾਂ ਦਾ ਮੁਕਾਬਲਾ ਕੀਤਾ, ਪਹਾੜੀ ਫ਼ੌਜਾਂ ਨੂੰ ਮੈਦਾਨ ਛੱਡ ਕੇ ਭੱਜਣਾ ਪਿਆ। ਸਿੱਖਾਂ ਦਾ ਆਤਮ ਸਨਮਾਨ ਅਤੇ ਆਪਣੇ ਬਾਹੂ-ਬਲ ਤੇ ਭਰੋਸਾ ਵਧਿਆ। ਇਹ ਜੰਗ ਭੰਗਾਣੀ ਦੇ ਸਥਾਨ ਤੇ 18 ਸਤੰਬਰ 1688 ਈ. ਨੂੰ ਹੋਇਆ। ਇਸ ਤੋਂ ਜਲਦੀ ਹੀ ਪਿੱਛੋਂ ਗੁਰੂ ਸਾਹਿਬ ਨੇ ਅਨੰਦਪੁਰ ਆਉਣ ਦਾ ਫ਼ੈਸਲਾ ਕਰ ਲਿਆ। ਅਨੰਦਪੁਰ ਆ ਕੇ ਜਿਥੇ ਗੁਰਮਤਿ ਪ੍ਰੰਪਰਾਵਾਂ ਦਾ ਪ੍ਰਵਚਨ ਨਿਰੰਤਰ ਚੱਲਦਾ ਰਿਹਾ ਉਥੇ ਬੀਰ-ਰਸ ਦੀ ਗੁੜ੍ਹਤੀ ਵੀ ਜ਼ਰੂਰੀ ਹੋ ਗਈ ਅਤੇ ਬੀਰ ਰਸ ਦੀਆਂ ਰਚਨਾਵਾਂ ਦਾ ਉਚਾਰਨ ਅਤੇ ਗਾਇਨ ਵੀ ਨਿੱਤ-ਕਰਮ ਦਾ ਇਕ ਜ਼ਰੂਰੀ ਹਿੱਸਾ ਬਣ ਗਿਆ:

ਅਰੁ ਸਿਖ ਹੋਂ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਅਨੰਦਪੁਰ ਕੇਂਦਰ ਬਣਨ ਨਾਲ, ਸਿੱਖ-ਸੰਗਤਾਂ ਵਹੀਰਾਂ ਘੱਤ ਕੇ ਗੁਰੂ ਦਰਸ਼ਨਾਂ ਲਈ ਆਉਣ ਲੱਗੀਆਂ। ਦਿਨ ਪ੍ਰਤੀਦਿਨ ਸਿੱਖਾਂ ਦੀ ਅਤੇ ਅਨੰਦਪੁਰ ਦੀ ਕੀਰਤੀ ਵਧਣ ਲੱਗੀ। 30 ਮਾਰਚ 1699 ਨੂੰ ਵਿਸਾਖੀ ਦੇ ਪੁਰਬ ਤੇ ਜਦੋਂ ਪੰਥ-ਖਾਲਸੇ ਦੀ ਸਿਰਜਨਾ ਕਰ ਸਿੱਖਾਂ ਨੂੰ ਇੱਕੋ ਜਿਹਾ ਨਾਮ, ਰੂਪ-ਸਰੂਪ ਬਖ਼ਸ਼ਿਆ ਅਤੇ ਪੰਜਾਂ ਕਕਾਰਾਂ ਨਾਲ ਸੁਸੱਜਿਤ ਕਰ ਦਿੱਤਾ ਤਾਂ ਸੰਤ-ਸਿਪਾਹੀਆਂ ਦੀ ਜਮਾਤ ਨੇ ਸ਼ਾਹੀ-ਫੌਜ ਦਾ ਝਲਕਾਰਾ ਦਿੱਤਾ। ਪ੍ਰੋ.ਹਰਬੰਸ ਸਿੰਘ ਅਨੁਸਾਰ "ਅੰਮ੍ਰਿਤ ਦੀ ਰਸਾਇਣਤਾ ਅਤੇ ਅਧਿਆਤਮਿਕਤਾ ਤੋਂ ਉਪਜੇ ਪੁਨਰ-ਸੁਰਜੀਤੀ ਦੇ ਸਿਧਾਂਤ ਦੀ ਮਦਦ ਨਾਲ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਦੇ ਦਿਲਾਂ ਨੂੰ ਵਿਸ਼ਵਾਸ ਅਤੇ ਬੀਰਤਾ ਦੀ ਛੋਹ ਲਾਈ, ਉਨ੍ਹਾਂ ਹਿੰਦੁਸਤਾਨੀਆਂ ਦੇ ਨਿਢਾਲ ਤੇ ਮੁਰਦਾ ਜਿਸਮਾਂ ਵਿਚ ਜਾਨ ਪਾਈ ਅਤੇ ਆਖਿਆ:

ਬਾਣੀ ਦੇ ਤੇਜ ਵਿਚੋਂ, ਖੰਡੇ ਦੀ ਧਾਰ ਵਿਚੋਂ
ਸਜੂਗਾ ਸਿੰਘ ਜਿਹੜਾ ਦਿਸੂ ਹਜ਼ਾਰ ਵਿਚੋਂ।

ਇਹ ਸਮਾਂ ਸਿੱਖਾਂ ਦੀ ਵਧਦੀ ਕੀਰਤੀ ਅਤੇ ਗੁਰੂ ਗੋਬਿੰਦ ਸਿੰਘ ਦੇ ਵਧਦੇ ਪ੍ਰਤਾਪ ਦਾ ਸੀ। ਅਜਿਹੇ ਹੀ ਸਮੇਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1743 ਨੂੰ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਦਾ ਜਨਮ ਫੱਗਣ ਸੁਦੀ 7 ਸੰਮਤ 1755 ਬਿਕ੍ਰਮੀ ਨੂੰ ਮਾਤਾ ਜੀਤੋ ਦੇ ਉਦਰ ਤੋਂ ਅਨੰਦਪੁਰ ਸਾਹਿਬ ਵਿਖੇ ਹੋਇਆ। ਲਾਸਾਨੀ ਸਿੱਖ ਇਤਿਹਾਸ ਦਾ ਵਿਰਸਾ ਇਨ੍ਹਾਂ ਸਿੱਖੀ ਦੇ ਵਾਰਸਾਂ ਲਈ ਗੁੜ੍ਹਤੀ ਸੀ। ਗੁਰੂ ਨਾਨਕ ਦੀ ਅਧਿਆਤਮਿਕਤਾ, ਗੁਰੂ ਅਰਜਨ ਦੀ ਸ਼ਹਾਦਤ, ਗੁਰੂ ਤੇਗ ਬਹਾਦਰ ਦੀ ਕੁਰਬਾਨੀ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਸੰਘਰਸ਼ਮਈ ਜ਼ਿੰਦਗੀ ਦਾ ਗੌਰਵਮਈ ਇਤਿਹਾਸ ਉਹ ਪੈੜਾਂ ਸਨ, ਜਿਨ੍ਹਾਂ ਨੇ ਸਿੱਖੀ ਦੇ ਇਨ੍ਹਾਂ ਵਾਰਸਾਂ ਦੀ ਰਹਿਨੁਮਾਈ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਹੀ ਜਲੌਅ ਅਤੇ ਸਿੱਖਾਂ ਦੀ ਵਧਦੀ ਤਾਕਤ ਤੇ ਪ੍ਰਤਾਪ ਨੇ ਪਹਾੜੀ ਰਾਜਿਆਂ ਅੰਦਰ ਈਰਖਾ ਅਤੇ ਸਾੜਾ ਪੈਦਾ ਕਰ ਦਿੱਤਾ। ਨਿੱਤ ਦੀਆਂ ਲੜਾਈਆਂ ਅਤੇ ਜੰਗਾਂ ਨਾਲ ਅਨੰਦਪੁਰ ਨੂੰ ਘੇਰਾ ਪਾ ਲਿਆ ਗਿਆ। ਸਿੱਖ ਘੇਰਾ ਤੋੜਨ ਦੀ ਕੋਸ਼ਿਸ਼ ਕਰਦੇ ਰਹੇ, ਕਈ ਮਹੀਨੇ ਜੰਗ ਚੱਲਦਾ ਰਿਹਾ ਪਰ ਵੈਰੀ ਦੀਆਂ ਫੌਜਾਂ ਦਾ ਟਿੱਡੀ-ਦਲ ਜਿਉਂ ਦਾ ਤਿਉਂ ਘੇਰਾ-ਘੱਤੀ ਚੁਫੇਰੇ ਤਾਇਨਾਤ ਰਿਹਾ। ਜਦੋਂ ਸਿੰਘਾਂ ਨੇ ਈਨ ਨਾ ਮੰਨੀ ਤਾਂ ਪਹਾੜੀ ਰਾਜਿਆਂ ਅਤੇ ਮੁਗਲ ਫੌਜਦਾਰਾਂ ਮਿਲਕੇ ਇਕ ਹੋਰ ਹੀ ਚਾਲ ਚੱਲੀ। ਪਹਾੜੀਆਂ ਨੇ ਗਊ ਦੀ ਕਸਮ ਚੁੱਕ ਅਤੇ ਮੁਗਲ ਫੌਜਦਾਰਾਂ ਕੁਰਾਨ ਦੀ ਕਸਮ ਚੁੱਕ ਗੁਰੂ ਸਾਹਿਬ ਵੱਲ ਪੇਸ਼ਕਸ਼ ਭੇਜੀ ਕਿ ਜੇ ਸਿੱਖ ਫੌਜਾਂ ਕਿਲਾ ਖਾਲੀ ਕਰ ਦੇਣ ਤਾਂ ਉਨ੍ਹਾਂ ਲਈ ਸੁਰੱਖਿਅਤ ਲਾਂਘਾ ਦਿੱਤਾ ਜਾਏਗਾ। ਗੁਰੂ ਜੀ ਇਨ੍ਹਾਂ ਚਾਲਾਂ ਨੂੰ ਭਲੀ-ਭਾਂਤ ਜਾਣਦੇ ਸਨ ਪਰ ਸਿੰਘਾਂ ਅਤੇ ਮਾਤਾ ਜੀ ਵੱਲੋਂ ਜ਼ੋਰ ਪਾਣ ਤੇ ਕਿਲਾ ਖਾਲੀ ਕਰਨ ਦਾ ਫ਼ੈਸਲਾ ਕਰ ਲਿਆ ਗਿਆ।

5-6 ਦਸੰਬਰ ਦੀ ਕਕਰੀਲੀ ਰਾਤ ਨੂੰ ਡੇਢ ਕੁ ਹਜ਼ਾਰ ਸਿਰਲੱਥ ਸਿੰਘਾਂ ਦਾ ਇਹ ਕਾਫ਼ਲਾ, ਜਿਸ ਵਿਚ ਬੱਚੇ ਵੀ ਸਨ ਤੇ ਬੀਬੀਆਂ ਵੀ, ਨਿਰਭੈ ਸੈਨਾਪਤੀ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਹੇਠ ਕਿਲੇ 'ਚੋਂ ਬਾਹਰ ਨਿਕਲਿਆ। ਡਾ. ਹਰਨਾਮ ਸਿੰਘ ਸ਼ਾਨ ਲਿਖਦੇ:

ਕੀਰਤਪੁਰ ਟੱਪਦਿਆਂ ਹੀ ਇਨ੍ਹਾਂ ਮੁੱਠੀ ਭਰ ਯੋਧਿਆਂ ਨਾਲ ਜੋ ਵਿਸਾਹਘਾਤ ਹੋਇਆ, ਸ਼ਾਹੀ ਫੌਜਾਂ ਨੇ ਜਿਸ ਬੇਹਿਯਾਈ ਤੇ ਬੇਰਹਿਮੀ ਨਾਲ ਉਨ੍ਹਾਂ ਨੂੰ ਗਿਰਝਾਂ ਵਾਂਗ ਆ ਦਬੋਚਿਆ, ਗੁਰੂਦੇਵ ਨੇ ਜਿਸ ਦਲੇਰੀ ਤੇ ਦ੍ਰਿੜਤਾ ਨਾਲ ਉਨ੍ਹਾਂ ਦੇ ਵਾਰ ਠੱਲੇ, ਭੁੱਖੇ-ਭਾਣੇ ਬੱਚਿਆਂ ਨੇ ਜਿਸ ਸਿਦਕ ਤੇ ਸੂਰਮਤਾਈ ਨਾਲ ਟਾਕਰਾ ਕੀਤਾ ਅਤੇ ਗਿਣਵੇਂ ਸਿੱਖ-ਸੇਵਕਾਂ ਨੇ ਜਿਸ ਬਹਾਦਰੀ ਤੇ ਜਾਂਬਾਜੀ ਦਾ ਸਬੂਤ ਦਿੱਤਾ, ਉਸ ਦਾ ਬਿਆਨ ਮਨੁੱਖੀ ਹਿਰਦੇ ਨੂੰ ਕੰਬਾਅ ਦਿੰਦਾ ਹੈ। ਮੀਂਹ ਵਾਂਗ ਵਰਦੀਆਂ ਗੋਲੀਆਂ ਦੀ ਬੁਛਾੜ ਤੋਂ ਕੰਨੀ ਬਚਾਉਂਦਿਆਂ ਅਤੇ ਸਿਆਲੀ ਵਰਖਾ ਨਾਲ ਅਚਾਨਕ ਚੜ੍ਹ ਆਈ ਸਰਸਾ ਵਿਚ ਠਿੱਲ੍ਹਦਿਆਂ ਅਤੇ ਉਸਨੂੰ ਪਾਰ ਕਰਦਿਆਂ ਕਈ ਮਰੇ, ਕਈ ਡੁੱਬੇ, ਕਈ ਰੁੜੇ ਤੇ ਜੋ ਸ਼ੂਕਦੇ, ਬਰਫ਼ੀਲੇ ਪਾਣੀ ਦੀ ਫੇਟ ਤੋਂ ਬਚ ਕੇ ਮਸਾਂ ਪਾਰ ਪਹੁੰਚੇ ਉਹ ਅਜਿਹੇ ਖੇਰੂੰ ਖੇਰੂੰ ਹੋਏ ਕਿ ਮੁੜ ਮੇਲ ਹੀ ਨਾ ਹੋਇਆ। ਗੁਰੂ ਗੋਬਿੰਦ ਸਿੰਘ ਵੱਡੇ ਦੋਵਾਂ ਸਾਹਿਬਜ਼ਾਦਿਆਂ ਅਤੇ ਕੁਝ ਸਿੰਘਾਂ ਨਾਲ ਰੋਪੜ ਵੱਲ ਨਿਕਲ ਗਏ। ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ, ਭਾਈ ਮਨੀ ਸਿੰਘ ਨਾਲ ਦਿੱਲੀ ਵੱਲ ਨਿਕਲ ਗਏ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ, ਵਹੀਰ ਨਾਲੋਂ ਵਿਛੜਿਆਂ ਨੂੰ ਕੁਝ ਲੇਖਕਾਂ ਅਨੁਸਾਰ ਗੰਗੂ ਰਸੋਈਆ ਮਿਲ ਗਿਆ। ਦੁੱਨਾ ਸਿੰਘ ਹੰਡੂਰੀਆ ਉਸ ਦਾ ਵਰਣਨ ਕਰਦਿਆਂ ਲਿਖਦਾ ਹੈ:

ਮਾਤਾ ਜੀ ਕੋ ਸੀਸ ਟੇਕ ਤਬ ਏਹੁ ਕਹੀ
ਚਲੋ ਹਮਾਰੀ ਮਾਤਾ ਨੇਤ ਬਿਧਿ ਯਹ ਸਹੀ।

ਉਸ ਨੇ ਮਾਤਾ ਜੀ ਅਤੇ ਬਾਬਾ ਫਤਿਹ ਸਿੰਘ ਨੂੰ ਇਕ ਘੋੜੇ ਤੇ ਬਿਠਾਇਆ ਅਤੇ ਦੂਸਰੇ ਤੇ ਧਨ ਦੌਲਤ ਦੀਆਂ ਖੁਰਜੀਆਂ ਅਤੇ ਬਾਬਾ ਜੋਰਾਵਰ ਸਿੰਘ ਨੂੰ ਬਿਠਾ ਆਪ ਅੱਗੇ ਲੱਗ ਆਪਣੇ ਪਿੰਡ ਸਹੇੜੀ ਨੂੰ ਲੈ ਤੁਰਿਆ।

ਸ੍ਰੀ ਮਾਤਾ ਜੀ ਅਰੁ ਫਤੇ ਸਿੰਘ ਜੀ
ਏਕ ਘੋੜੇ ਪੈ ਚਢੇ।
ਜੋਰਾਵਰ ਸਿੰਘ ਜੂ ਪਾਇ ਖੁਰਜੀ,
ਅਵਰ ਘੋੜੇ ਪੈ ਪਢੇ।
ਚਮਕੌਰ ਤੇ ਜਬ ਗਏ ਚੌਂਤੇ,
ਦੁਸ਼ਟ ਕੇ ਮਨ ਯਹ ਭਈ
ਦ੍ਰਬ ਹਮਰੇ ਹਾਤ ਆਯੋ,
ਮੋੜ ਤਬ ਘਰ ਕੇ ਲਈ।

ਆਪਣੇ ਘਰ ਜਾ ਕੇ ਮਾਤਾ ਜੀ ਨੂੰ ਬਿਸਰਾਮ ਕਰਨ ਨੂੰ ਕਿਹਾ ਅਤੇ ਆਪ ਰਾਤ ਹੋਣ ਦਾ ਇੰਤਜ਼ਾਰ ਕਰਨ ਲੱਗਾ। ਜਦੋਂ ਰਾਤ ਪਈ ਤਾਂ-

ਭਈ ਰੈਣ ਖੁਰਜੀ ਤਿਨ ਲੀਨੀ
ਜਾ ਕਰ ਚੋਏ ਮਹਿ ਗੱਡ ਦੀਨੀ।

ਸਵੇਰੇ ਉੱਠ ਮੁਰਿੰਡੇ ਦੇ ਰੰਘੜ ਕੋਤਵਾਲ ਨੂੰ ਬੁਲਾ ਲਿਆਇਆ। ਕੋਤਵਾਲ ਨੇ ਮਾਤਾ ਜੀ ਤੋਂ ਸਾਹਿਬਜ਼ਾਦਿਆਂ ਬਾਰੇ ਪੁੱਛਿਆ ਤਾਂ ਗੰਗੂ ਆਪ ਹੀ ਅੱਗੋਂ ਬੋਲ ਪਿਆ-

ਤਬ ਮਸੰਦ ਐਸੇ ਫੁਨ ਕਹੈ।
ਗੋਬਿੰਦ ਸਿੰਘ ਏਹ ਮਾਤਾ ਅਹੈ।
ਦੋਇ ਸੁਤ ਹੈਂ ਯਿਨ ਤਿਨ ਕੇ ਮਾਨਹੁ
ਚੋਰ ਚੋਰ ਤੁਮਰੇ ਯਹ ਜਾਨਹੁ॥

ਫਿਰ ਕੋਤਵਾਲ ਨੇ,

ਫਤੇ ਸਿੰਘ ਜੋਰਾਵਰ ਸਿੰਘ
ਤਹਿੰ ਪਾਇ ਬੋਰੀ ਮੈ ਲਏ
ਊਪਰ ਸੁ ਘੋੜੇ ਲਾਦ ਕੇ,
ਤਿਨ ਬਹੁ ਆਗੇ ਕਰ ਲਏ।

23 ਦਸੰਬਰ 1704 ਈ. ਨੂੰ ਮੁਰਿੰਡੇ ਦੇ ਕੋਤਵਾਲ ਨੇ ਮਾਤਾ ਗੁਜਰੀ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਵਜ਼ੀਰ ਖਾਂ ਦੇ ਦਰਬਾਰ ਵਿਚ ਪੇਸ਼ ਕੀਤਾ। ਵਜ਼ੀਰ ਖਾਂ ਨੇ ਵੇਖਦਿਆਂ ਹੀ ਹੁਕਮ ਕੀਤਾ-

ਕੰਬਖਤ ਦੇਖਤੇ ਹੀ ਯਿ ਬੋਲਾ 'ਅਤਾਬ' ਸੇ
ਫਿਲਹਾਲ ਇਨ ਕੋ ਕੈਦ ਮੇਂ ਰੱਖੋ ਗੁਜਾਬ ਸੇ।

ਦੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਇਕ ਬਹੁਤ ਉੱਚੇ ਬੁਰਜ ਵਿਚ ਬੰਦ ਕਰ ਦਿੱਤਾ ਗਿਆ, ਜੋ ਚੁਫੇਰਿਉਂ ਖੁੱਲਾ ਸੀ ਅਤੇ ਪੋਹ ਦੇ ਮਹੀਨੇ ਜਿਥੇ ਹਰ ਪਾਸਿਓਂ ਠੰਢੀ ਹਵਾ ਲਗਦੀ ਸੀ।

24 ਦਸੰਬਰ ਦੀ ਸਵੇਰ ਹੋਈ ਤਾਂ ਸੁੱਚਾ ਨੰਦ ਨੇ ਸੂਬੇ ਵਜ਼ੀਰ ਖਾਂ ਦੇ ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜ਼ਾਦਿਆਂ ਖ਼ਿਲਾਫ਼ ਕੰਨ ਭਰਨੇ ਸ਼ੁਰੂ ਕਰ ਦਿੱਤੇ।

ਇਸ ਰੋਜ਼ ਸੁੱਚਾ ਨੰਦ
ਯਹ ਬੋਲਾ ਨਵਾਬ ਸੇ-
ਮੰਗਵਾਕੇ ਕਲਗੀਧਰ ਕੇ
'ਪਿਸਰ' ਇੰਤਕਾਮ ਲੋ॥
ਮਾਸੂਮ ਉਨੇ ਸਮਝ ਕੇ
ਦਯਾ ਸੇ ਨ ਕਾਮ ਲੋ॥

ਸੂਬੇ ਨੇ ਸੁੱਚਾ ਨੰਦ ਦੀਆਂ ਗੱਲਾਂ ਸੁਣ ਕੇ ਉਸ ਨੂੰ ਹੀ ਸਾਹਿਬਜ਼ਾਦਿਆਂ ਨੂੰ ਲੈਣ ਭੇਜਿਆ-

ਬੱਚੋਂ ਕੋ ਲੋਨੇ ਆਏ ਗਰਜ਼ ਚੰਦ ਬੇ-ਹਯਾ
ਸਰਦਾਰ ਇਨਕਾ ਕਹਤੇ ਸੁੱਚਾ ਨੰਦ ਥਾ।

ਸਾਹਿਬਜ਼ਾਦੇ ਚੜ੍ਹਦੀ ਕਲਾ ਵਿਚ ਸਨ ਅਤੇ ਬੜੀ ਦ੍ਰਿੜਤਾ ਨਾਲ ਸੂਬੇ ਅੱਗੇ ਪੇਸ਼ ਹੋਏ। ਸੂਬੇ ਨੇ ਨਾਮ ਪੁੱਛਿਆ ਤਾਂ ਸਾਹਿਬਜ਼ਾਦਿਆਂ ਦਾ ਜਵਾਬ ਸੀ-

ਗੋਬਿੰਦ ਸਿੰਘ ਕੇ ਪੂਤ ਹਮ,
ਦਾਦੀ ਗੁਜਰੀ ਪਾਹਿ।
ਫਤਿਹ ਸਿੰਘ, ਜੋਰਾਵਰ ਸਿੰਘ
ਨਾਮ ਹਮਾਰੇ ਆਹਿ।

ਨਿਡਰਤਾ ਅਤੇ ਨਿਰਭੈਤਾ ਨਾਲ ਦਿੱਤਾ ਜਵਾਬ ਸੁਣ ਕੇ, ਸਾਰਿਆਂ ਅਮੀਰਾਂ ਵਜ਼ੀਰਾਂ ਨੇ ਮੂੰਹ ਵਿਚ ਉਂਗਲ ਪਾ ਲਈ। ਅੱਲਾ ਯਾਰ ਖਾਂ ਜੋਗੀ ਲਿਖਦਾ ਹੈ-

ਬੱਚੋਂ ਕਾ ਰੋਅਬ ਛਾ ਗਯਾ
ਹਰ ਇਕ ਮਸ਼ੀਰ ਪਰ
'ਲਰਜਾ' ਸਾ ਪੜ ਗਯਾ
ਥਾ ਅਮੀਰੋ ਵਜ਼ੀਰ ਪਰ।

ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਇਸਲਾਮ ਕਬੂਲ ਕਰਕੇ ਠਾਠਬਾਠ ਦੀ ਜ਼ਿੰਦਗੀ ਬਸਰ ਕਰਨ ਦੀ ਸਲਾਹ ਦਿੱਤੀ। ਰੁਪਏ ਪੈਸੇ ਦਾ ਲਾਲਚ ਦਿੱਤਾ ਅਤੇ ਬਾਦਸ਼ਾਹੀ ਸੁਖ ਭੋਗਣ ਦਾ ਮਸ਼ਵਰਾ ਦਿੱਤਾ-

ਇਸ ਦਮ ਕਰੋ ਕਬੂਲ ਅਗਰ
ਸ਼ਾਹ ਕੇ ਦੀਨ ਕੋ।
ਫਿਰ ਆਸਮਾਂ ਬਨਾ ਦੂੰ
ਤੁਮਾਰੀ ਜ਼ਮੀਨ ਕੋ।

ਸਾਹਿਬਜ਼ਾਦਿਆਂ ਨੇ ਸੂਬੇ ਦੀ ਪੇਸ਼ਕਸ਼ ਠੁਕਰਾਉਂਦਿਆਂ ਬੜੀ ਬੇਬਾਕੀ ਨਾਲ ਕਿਹਾ:

ਆਤੀ ਨਹੀਂ ਸ਼ਰਮ ਹੈ
ਜ਼ਰਾ ਤੁਝ ਕੋ ਐ ਨਵਾਬ-
ਕੀ ਤੂੰ ਕੁਰਾਨ ਨਹੀਂ ਪੜ੍ਹਿਆ?
ਲਿਖਾ ਹੈ ਸਾਫ ਤੁਮਾਰੀ ਕਿਤਾਬ ਮੇਂ।
ਫੈਲਾਓ ਦੀਂ "ਬ ਜ਼ਬਰ"
ਨ ਤੁਮ ਸ਼ੈਖੋ ਸ਼ਾਬ ਮੇਂ।

ਸਾਹਿਬਜ਼ਾਦਿਆਂ ਦੇ ਅਜਿਹੇ ਨਿਡਰਤਾ ਵਾਲੇ ਜਵਾਬ ਸੁਣ ਕੇ ਸੂਬਾ ਤੈਸ਼ ਵਿਚ ਆ ਗਿਆ ਅਤੇ ਡਰਾਉਣ ਧਮਕਾਉਣ ਤੇ ਉੱਤਰ ਆਇਆ। ਸਿਰ ਕਲਮ ਕਰਨ ਦੀ ਧਮਕੀ ਦੇਦਿਆਂ ਕਚਹਿਰੀ ਬਰਖ਼ਾਸਤ ਕਰ ਦਿੱਤੀ। ਸਿਪਾਹੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਇਨ੍ਹਾਂ ਨੂੰ ਦੀਨ ਕਬੂਲਣ ਅਤੇ ਝੁਕਾਉਣ ਲਈ ਹਰ ਵਾਜਿਬ ਢੰਗ ਤਰੀਕਾ ਵਰਤਿਆ ਜਾਵੇ।

25 ਦਸੰਬਰ ਨੂੰ ਸਾਹਿਬਜ਼ਾਦੇ ਫਿਰ ਕਚਹਿਰੀ ਵਿਚ ਪੇਸ਼ ਹੋਏ। ਸੂਬਾ ਸਾਹਿਬਜ਼ਾਦਿਆਂ ਨੂੰ ਆਖਣ ਲੱਗਾ ਤੁਹਾਡੇ ਖਾਨਦਾਨ ਦੇ ਸਾਰੇ ਲੋਕ ਮਾਰੇ ਜਾ ਚੁੱਕੇ ਹਨ। ਘਰ ਘਾਟ ਤਬਾਹ ਹੋ ਚੁੱਕਾ ਹੈ। ਮੈਨੂੰ ਤੁਹਾਡੀ ਛੋਟੀ ਉਮਰ ਅਤੇ ਮਾਸੂਮੀਅਤ ਤੇ ਤਰਸ ਆਉਂਦਾ ਹੈ। ਤੁਸੀਂ ਦੀਨ ਕਬੂਲ ਕਰਕੇ ਨਾਲੇ ਸ਼ਾਹੀ ਸੁਖ ਭੋਗੋ ਨਾਲੇ ਆਪਣੀ ਜਾਨ ਬਚਾਓ।

ਕਹਯੋ ਬਜੀਦੈ ਨੇ ਤਬੈ
ਸਾਹਿਬਜਾਦਿਯੋਂ ਤਾਂਇ
ਦੀਨ ਕਬੂਲ ਮੋਰ ਤੁਮ ਕਰੋ,
ਨਹੀਂ ਤੁ ਦਿੰਹੁ ਕਤਲਾਇ॥

(ਪੰਥ ਪ੍ਰਕਾਸ਼)

ਪਰ ਸਾਹਿਬਜ਼ਾਦਿਆਂ ਨੂੰ ਨਾ ਸੰਸਾਰੀ ਸੁੱਖਾਂ ਦੀ ਤਮੰਨਾ ਸੀ ਅਤੇ ਨਾ ਹੀ ਮੌਤ ਦੀ ਕੋਈ ਪ੍ਰਵਾਹ। ਉਨ੍ਹਾਂ ਦਾ ਜਵਾਬ ਸੀ-

ਧਰਮ ਨਾ ਤਜੈ ਹੈਂ,
ਕਬੀ ਤੁਰਕ ਨ ਬਨੈਂ ਹੈਂ
ਸੀਸ ਨਿੱਜ ਦੈ ਹੈਂ,
ਜੈਸੇ ਬੜਯੋਂ ਨੇ ਦੀਏ ਹੈਂ।

(ਪੰਥ ਪ੍ਰਕਾਸ਼),

ਕਿਉਂਕਿ

ਹਮਰੇ ਬੰਸ ਰੀਤਿ ਇਹ ਆਇ
ਸੀਸ ਦੇਤਿ ਪਰ ਧਰਮ ਨ ਜਾਈ।

ਵਜ਼ੀਰ ਖਾਂ ਨੇ ਜਵਾਬ ਸੁਣ, ਕਾਜ਼ੀ ਨੂੰ ਸ਼ਰ੍ਹਾ ਅਨੁਸਾਰ ਫ਼ੈਸਲਾ ਸੁਣਾਉਣ ਲਈ ਆਖਿਆ ਅਤੇ ਤਾਕੀਦ ਕੀਤੀ ਕਿ ਸਜ਼ਾ ਸਖ਼ਤ ਤੋਂ ਸਖ਼ਤ ਹੋਵੇ। ਕਾਜ਼ੀ ਨੇ ਵਿਚਾਰ ਪ੍ਰਗਟ ਕੀਤਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਦੇ ਕੀਤੇ ਦੀ ਸਜ਼ਾ ਦੇਣ ਦੀ ਇਜ਼ਾਜਤ ਨਹੀਂ ਦਿੰਦਾ। ਸੁੱਚਾ ਨੰਦ ਨੇ ਹੱਥੋਂ ਬਾਜ਼ੀ ਜਾਂਦੀ ਵੇਖ ਸੂਬੇ ਨੂੰ ਸੰਬੋਧਨ ਕਰਦਿਆਂ ਆਖਿਆ, ਜਨਾਬ ਇਨ੍ਹਾਂ ਸਪੋਲੀਆਂ ਨੂੰ ਨਵਾਬ ਮਲੇਰਕੋਟਲਾ ਸ਼ੇਰਖਾਨ ਅਤੇ ਖਿਜ਼ਰ ਖਾਨ ਦੇ ਹਵਾਲੇ ਕਰ ਦਿੱਤਾ ਜਾਵੇ ਤਾਂ ਕਿ ਉਹ ਅਨੰਦਪੁਰ ਦੀ ਲੜਾਈ ਵਿਚ ਮਾਰੇ ਆਪਣੇ ਭਰਾ ਦਾ ਬਦਲਾ ਲੈ ਸਕਣ ਇਸ ਤੋਂ ਪਹਿਲਾਂ ਕਿ ਸੂਬਾ ਕੁਝ ਬੋਲਦਾ ਨਵਾਬ ਮਲੇਰਕੋਟਲਾ ਇਕ ਦਮ ਬੋਲ ਪਏ-

ਬਦਲਾ ਹੀ ਲੇਨਾ ਹੋਗਾ
ਤੋ ਹਮ ਲੇਂਗੇ ਬਾਪ ਸੇ
ਮਹਿਫੂਜ਼ ਰੱਖੇ ਹਮ ਕੋ
ਖੁਦਾ ਐਸੇ ਪਾਪ ਸੇ।

ਗੱਲ ਸਿਰੇ ਚੜ੍ਹਦੀ ਨਾ ਵੇਖ ਕੇ ਸੁੱਚਾ ਨੰਦ ਨੇ ਸੂਬੇ ਨੂੰ ਉਕਸਾਇਆ ਕਿ ਬੱਚੇ ਬਾਗੀ ਹਨ, ਕੱਲ ਨੂੰ ਜਵਾਨ ਹੋ ਕੇ ਸਰਕਾਰ ਖ਼ਿਲਾਫ਼ ਬਗਾਵਤ ਕਰਨਗੇ। ਇਸ ਤੋਂ ਪਹਿਲੋਂ ਕਿ ਇਹ ਹਕੂਮਤ ਲਈ ਕੰਡਾ ਬਨਣ ਪਹਿਲੋਂ ਹੀ ਜੰਮਦੀਆਂ ਸੂਲਾਂ ਨੂੰ ਮਸਲ ਦੇਣਾ ਚਾਹੀਦਾ ਹੈ। ਫਿਰ ਕੀ ਸੀ ਸੂਬੇ ਦੇ ਇਸ਼ਾਰੇ ਤੇ ਸੂਬੇ ਦੇ ਹੀ ਟੁੱਕੜ-ਬੋਚ ਕਾਜ਼ੀ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦੇਣ ਦਾ ਫਤਵਾ ਦੇ ਦਿੱਤਾ। ਨਵਾਬ ਮਲੇਰਕੋਟਲੇ ਨੇ ਇਸ ਫ਼ੈਸਲੇ ਤੇ ਅਸਹਿਮਤੀ ਪ੍ਰਗਟਾਈ ਅਤੇ ਰੋਸ ਵਜੋਂ ਕਚਹਿਰੀ ਵਿਚੋਂ ਉੱਠ ਕੇ ਚਲੇ ਗਏ।

26 ਦਸੰਬਰ 1704 ਦੀ ਉਹ ਮਨਹੂਸ ਘੜੀ ਆ ਪਹੁੰਚੀ ਜਦੋਂ ਇਹ ਜੱਗੋਂ ਬਾਹਰੀ ਵਾਪਰੀ-ਜਦੋਂ ਮਾਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਣਨ ਦੀ ਤਿਆਰੀ ਹੋਣ ਲੱਗੀ-

ਈਟੇਂ ਮੰਗਾਈ ਚੂਨਾ ਭੀ
ਫੌਰਨ ਬ ਹਮ ਕੀਆ,
'ਯਾਰਾ' ਨਹੀਂ ਬਿਆਨ ਕਾ
ਫਿਰ ਜੁ ਸਿਤਮ ਕੀਆ।

ਜਦੋਂ ਦੀਵਾਰ ਛਾਤੀ ਤੱਕ ਚਿਣੀ ਗਈ ਤਾਂ ਇਹ ਢਾਂਚਾ ਗਿਰ ਗਿਆ ਅਤੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿਚੋਂ ਬੇਹੋਸ਼ੀ ਦੀ ਹਾਲਤ ਵਿਚ ਕੱਢਿਆ ਗਿਆ। ਪ੍ਰੋ. ਹਰਬੰਸ ਸਿੰਘ ਲਿਖਦੇ ਹਨ, "ਇਸੇ ਬੇਹੋਸ਼ੀ ਦੀ ਹਾਲਤ ਵਿਚ ਸਾਹਿਬਜ਼ਾਦਿਆਂ ਨੂੰ ਵਾਪਸ ਜੇਲ ਵਿਚ ਲੈ ਜਾਇਆ ਗਿਆ ਜਿਥੇ ਕੁਝ ਸਮੇਂ ਬਾਅਦ ਉਹ ਹੋਸ਼ ਵਿਚ ਆ ਗਏ।"

27 ਦਸੰਬਰ ਨੂੰ ਫਿਰ ਸਾਹਿਬਜ਼ਾਦੇ ਕਚਹਿਰੀ ਵਿਚ ਪੇਸ਼ ਹੋਏ। ਫਿਰ ਇਸਲਾਮ ਕਬੂਲਣ ਦੀ ਰੱਟ ਲਗਾਈ ਪਰ ਸਾਹਿਬਜ਼ਾਦੇ ਉਵੇਂ ਹੀ ਅਡੋਲ ਰਹੇ। ਸੂਬੇ ਦੇ ਹੁਕਮ ਤੇ 13 ਪੋਹ ਸੰਮਤ 1752 ਬਿਕ੍ਰਮੀ ਮੁਤਾਬਿਕ 27 ਦਸੰਬਰ 1704 ਈ. ਨੂੰ ਅਨਹੋਣੀ ਵਾਪਰੀ ਜਦੋਂ ਜਲਾਦਾਂ ਨੇ ਸਾਹਿਬਜ਼ਾਦਿਆਂ ਦੇ ਸਿਰ ਧੜ ਨਾਲੋਂ ਅਲੱਗ ਕਰ ਦਿੱਤੇ। ਦੀਵਾਨ ਟੋਡਰਮੱਲ ਨੇ ਇਹ ਖ਼ਬਰ ਮਾਤਾ ਗੁਜਰੀ ਤੱਕ ਪਹੁੰਚਾਈ। ਬਿਰਧ ਅਵਸਥਾ ਕਾਰਨ ਮਾਤਾ ਜੀ ਇਹ ਸਦਮਾ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਅਤੇ ਮੁੜ ਹੋਸ਼ ਵਿਚ ਨਾ ਆਏ। ਇਹ ਉਹ ਦੁਖਾਂਤ ਸੀ ਜਿਸਨੇ ਸਿੱਖ ਮਾਨਸਿਕਤਾ ਤੇ ਗਹਿਰਾ ਪੱਛ ਮਾਰਿਆ।

ਲਖਤੇ ਜਿਗਰ ਕਟਵਾ ਦੀਏ
ਚਿਨਵਾ ਦੀਏ ਦੀਵਾਰ ਮੇਂ,
ਉਫ਼ ! ਨਾ ਕੀ ਕਿਤਨਾਂ ਭਰੋਸਾ -
ਥਾ ਪਰਵਰਦਿਗਾਰ ਮੇਂ॥

# ਮਹਾਨ ਸ਼ਹੀਦ : ਮਾਤਾ ਗੁਜਰੀ ਜੀ

✍-ਡਾ. ਰਛਪਾਲ ਸਿੰਘ

ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ ਅਤੇ ਸਿੱਖ ਪੰਥ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ 'ਸ਼ਹੀਦੀ ਅਧਾਰਸ਼ਿਲਾ'' ਉੱਪਰ ਹੀ ਰੱਖੀ ਗਈ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ 1412)

ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਮੱਲੂ ਜੀ ਦੇ ਪੁੱਛਣ 'ਤੇ ਉਪਦੇਸ਼ ਕੀਤਾ ਸੀ "ਭਾਈ ਮੱਲੂ ! ਯੁੱਧ ਕਰਦੇ ਥੋੜਿਆਂ-ਬਹੁਤਿਆਂ ਦੀ ਪਰਵਾਹ ਨਹੀਂ ਕਰਨੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ' ਦਾ ਉਪਦੇਸ਼ ਦਿੱਤਾ ਅਤੇ ਨਾਲ ਹੀ ਫ਼ੁਰਮਾਇਆ, "ਜੋ ਸ਼ਸਤਰ ਦਾ ਵਾਰ ਸਹਿੰਦੇ ਸ਼ਹੀਦ ਹੁੰਦਾ ਹੈ, ਉਸ ਨੂੰ ਏਨਾ ਵੱਡਾ ਪਰਮ-ਅਨੰਦ ਪ੍ਰਾਪਤ ਹੁੰਦਾ ਹੈ। ਜੋ ਹਜ਼ਾਰਾਂ ਸਾਲ ਤਪ ਕਰ ਕੇ ਕਿਸੇ ਜੋਗੀ ਨੂੰ ਵੀ ਨਹੀਂ ਮਿਲਦਾ। ਇਸੇ ਸ਼ਹੀਦੀ ਪਰੰਪਰਾ ਦੇ ਸਬੰਧ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਚਨ ਕੀਤਾ ਕਿ ਕੋਲ ਆਏ ਮਹਿਮਾਨ ਲਈ 'ਦੇਗ ਅਤੇ ਸਿਰ ਫਿਰੇ ਆਕੀ ਲਈ 'ਤੇਗ ਹਰ ਗੁਰਸਿੱਖ ਦੇ ਘਰ ਸਦਾ ਤਿਆਰ ਮਿਲਣੀ ਚਾਹੀਦੀ ਹੈ।

ਗੁਰਬਾਣੀ ਅਤੇ ਕੁਰਬਾਨੀ ਦੇ ਇਸ ਮਹਾਨ ਪੰਥ ਵਿਚ ਪਹਿਲਾਂ ਸਤਿਗੁਰੂ ਸਾਹਿਬਾਨ ਨੇ ਆਪ ਤੇ ਫਿਰ ਸਿੱਖਾਂ ਨੇ ਇਸੇ ਲਹਿਰ 'ਤੇ ਚੱਲ ਕੇ ਸ਼ਹੀਦੀ ਪਰੰਪਰਾ ਨੂੰ ਜਨਮ ਦੇ ਕੇ ਅੱਗੇ ਤੋਰਿਆ।

ਧਰਮ ਯੁੱਧ ਵਿਚ ਜੂਝਦੇ ਹੋਏ ਸਿੰਘਾਂ ਦੀ ਗੱਲ ਹੀ ਦੁਨੀਆਂ ਤੋਂ ਵੱਖਰੀ ਕਿਸਮ ਦੀ ਸੀ। ਨਾ ਤਾਂ ਉਨ੍ਹਾਂ ਵਿਚ ਗੁੱਸੇ ਜਾਂ ਕ੍ਰੋਧ ਵਾਲੀ ਕੋਈ ਗੱਲ ਸੀ ਅਤੇ ਨਾ ਹੀ ਬਦਲਾਖੋਰੀ ਵਾਲੀ। ਮੈਦਾਨ-ਏ-ਜੰਗ ਵਿਚ ਸਿੰਘ ਕਦੇ ਵੀ ਆਪਣੇ ਆਪ ਨੂੰ ਇਕੱਲਾ ਨਹੀਂ ਸੀ ਸਮਝਦਾ, ਸਗੋਂ ਸਰਬ-ਸ਼ਕਤੀਵਾਨ ਸਤਿਗੁਰੂ ਨੂੰ ਉਹ ਸਦਾ ਹੀ ਆਪਣੇ ਅੰਗ-ਸੰਗ ਸਮਝਦੇ ਸਨ। ਆਪਣੇ ਗੁਰੂ ਅਤੇ ਸੱਚ ਵਿਚ ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ। ਤਾਂ ਹੀ ਤਾਂ ਸਿੰਘ ਇਕੱਲਾ ਕਦੇ ਵੀ ਨਹੀਂ ਹੁੰਦਾ ਤੇ ਉਹ ਸਦਾ ਹੀ ਚੜ੍ਹਦੀ ਕਲਾ ਵਿਚ ਰਹਿ ਕੇ, ਸਦਾ ਸਫ਼ਲਤਾ ਪ੍ਰਾਪਤ ਕਰਦਾ ਹੈ।

ਸਿੰਘਾਂ ਦੇ ਵਿਲੱਖਣ ਧਰਮ ਯੁੱਧ ਬਾਰੇ ਕਿਹਾ ਜਾਂਦਾ ਹੈ ਕਿ ਜੇਕਰ ਯੁੱਧ ਵਿਚ ਜੂਝਦੇ ਦੁਸ਼ਮਣ ਦੀ ਪੱਗ ਉੱਤਰ ਜਾਂਦੀ ਸੀ ਤਾਂ ਸਿੰਘ ਕਿਰਪਾਨ ਮਿਆਨ ਵਿਚ ਪਾ ਲੈਂਦੇ ਸਨ ਤੇ ਕਹਿੰਦੇ ਸਨ- "ਐ ਭਲੇ ਪੁਰਸ਼ ! ਆਪਣੀ ਪੱਗ ਸੰਭਾਲ, ਮੈਂ ਤੇਰੀ ਇੱਜ਼ਤ ਲਾਹੁਣ ਨਹੀਂ ਆਇਆ। " ਯੁੱਧ ਵਿਚ ਸਿੰਘ ਕਦੇ ਕਿਸੇ ਔਰਤ ਦੇ ਗਹਿਣੇ ਨੂੰ ਵੀ ਹੱਥ ਨਹੀਂ ਸਨ ਲਾਉਂਦੇ ਅਤੇ ਨਾ ਹੀ ਕਿਸੇ ਔਰਤ ਨੂੰ ਬੁਰੀ ਨਿਗ੍ਹਾ ਨਾਲ ਹੀ ਵੇਖਦੇ ਸਨ। ਔਰਤ, ਬੱਚੇ ਜਾਂ ਬਿਰਧ ਉੱਤੇ ਕਦੇ ਵੀ ਸਿੰਘ ਵਾਰ ਨਹੀਂ ਸਨ ਕਰਦੇ। ਅਤੇ ਨਾ ਹੀ ਰਣ ਵਿਚ ਭੱਜੇ ਜਾਂਦੇ ਉੱਤੇ ਹੀ ਵਾਰ ਕਰਦੇ ਸਨ।

ਇਹ ਸੀ ਸਿੱਖਾਂ ਦਾ ਵਿਲੱਖਣ ਧਰਮ-ਯੁੱਧ, ਜਿਸ ਦੇ ਪ੍ਰਤਾਪ ਕਰਕੇ ਹੀ ਸਿੰਘਾਂ ਨਾਲ ਕੋਈ ਵੀ ਦੁਸ਼ਮਣ ਨਾ ਅੜ ਸਕਿਆ, ਦਸ-ਦਸ ਲੱਖ ਦੀਆਂ ਫੌਜਾਂ ਦੇ ਲਸ਼ਕਰ ਬੁਰੀ ਤਰ੍ਹਾਂ ਮਾਰ ਖਾ-ਖਾ ਕੇ ਭੱਜੇ ਅਤੇ ਖਾਲਸੇ ਦੀ ਹਰ ਮੈਦਾਨ ਫਤਹਿ ਹੋਈ। ਆਕੀਆਂ, ਦੁਸ਼ਟਾਂ ਅਤੇ ਹੰਕਾਰੀਆਂ ਦਾ ਨਾਸ਼ ਹੋਇਆ ਅਤੇ ਅਕਾਲ ਪੁਰਖ ਦੀ ਫੌਜ' ਦੇ ਬੋਲ-ਬਾਲੇ ਹੋਏ।

ਮਾਤਾ ਗੁਜਰੀ ਜੀ ਦੀ ਮਹਾਨਤਾ ਕਿਸੇ ਤੋਂ ਲੁਕੀ-ਛਿਪੀ ਨਹੀਂ ਹੈ, ਆਪ ਤਾਂ ਮਾਤਾ ਜੀ ਮਹਾਨ ਸ਼ਹੀਦ ਹਨ ਹੀ, ਪਰ ਜਿਨ੍ਹਾਂ ਦਾ ਸਮੁੱਚਾ ਖਾਨਦਾਨ ਹੀ ਮਹਾਨ ਸ਼ਹੀਦ ਹੋਵੇ, ਐਸੀ ਸ਼ਹੀਦ ਮਾਤਾ ਨੂੰ ਸ਼੍ਰੋਮਣੀ ਸ਼ਹੀਦ ਮਾਤਾ ਕਿਹਾ ਜਾਂਦਾ ਹੈ।

ਸ਼ਹੀਦ ਪਤੀ (ਸ੍ਰੀ ਗੁਰੂ ਤੇਗ ਬਹਾਦਰ ਜੀ),
ਸ਼ਹੀਦ ਪੁੱਤਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ),
ਸ਼ਹੀਦ ਭਰਾ (ਮਾਮਾ ਕ੍ਰਿਪਾਲ ਚੰਦ ਜੀ),
ਨਣਾਨ (ਬੀਬੀ ਵੀਰੋ ਜੀ) ਦੇ ਪੰਜ ਪੁੱਤਰ ਸ਼ਹੀਦ (ਨਦੋਤਰੇ)

ਬਾਬਾ ਸੰਗੋ ਸ਼ਾਹ ਜੀ, ਬਾਬਾ ਗੁਲਾਬ ਚੰਦ ਜੀ, ਬਾਬਾ ਜੁਤੀ ਮੱਲ ਜੀ, ਬਾਬਾ ਗੰਗਾ ਰਾਮ ਜੀ, ਬਾਬਾ ਸਹਾਰੀ ਚੰਦ ਜੀ।

ਇਸ ਸ਼ਹੀਦੀ ਖਾਨਦਾਨ ਵੰਸ਼ ਦੀ ਪ੍ਰਧਾਨ, ਐਸੀ ਸ਼ਹੀਦ ਮਾਤਾ ਗੁਜਰੀ ਜੀ ਦਾ ਜਨਮ 1627 ਈ. ਨੂੰ ਭਾਈ ਲਾਲ ਚੰਦ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਦੇ ਗ੍ਰਹਿ ਵਿਖੇ ਜਲੰਧਰ ਨੇੜੇ ਕਰਤਾਰਪੁਰ ਵਿਖੇ ਹੋਇਆ। ਆਪ ਜੀ ਦਾ ਵਿਆਹ ਨੌਵੇਂ ਸਤਿਗੁਰੂ, ਹਿੰਦ ਦੀ ਚਾਦਰ, ਧਰਮ ਹੇਤ ਮਹਾਨ ਸਾਕਾ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ

ਹੋਇਆ। ਜਦੋਂ ਡੋਲੀ ਤੁਰਨ ਲੱਗੀ ਤਾਂ ਮਾਤਾ ਬਿਸ਼ਨ ਕੌਰ ਜੀ ਨੇ ਸਿਰ 'ਤੇ ਪਿਆਰ ਦੇ ਕੇ ਸਮਝਾਇਆ, "ਗੁਜਰੀ ! ਪਤੀ ਨੂੰ ਪ੍ਰਮੇਸ਼ਰ ਜਾਣ ਕੇ। ਸੇਵਾ ਕਰੀਂ, ਇਸ ਦੇ ਬਰਾਬਰ ਹੋਰ ਕੋਈ ਸੇਵਾ ਨਹੀਂ।"

ਪਤਿ ਸਮ ਈਸ ਪਛਾਨ ਕੈ, ਹੇ ਪੁੱਤਰੀ ਕਰ ਸੇਵ।
ਪਤਿ ਪਰਮੇਸ਼ਰ ਜਾਨੀਐ, ਔਰ ਤੁਛ ਲਖ ਏਵ। (ਗੁਰ ਬਿਲਾਸ)

ਮਾਤਾ ਬਿਸ਼ਨ ਕੌਰ ਤੇ ਪਿਤਾ ਲਾਲ ਚੰਦ ਜੀ ਨੇ ਅਰਦਾਸ ਕੀਤੀ, "ਹੈ। ਸਤਿਗੁਰੂ ਜੀਓ ! ਗਰੀਬ ਦੀ ਲਾਜ ਰੱਖਿਓ। ਗੁਰੂ ਹਰਿਗੋਬਿੰਦ ਜੀ ਦੇ ਘਰੋਂ ਸਦਾ ਨਿੱਘ ਹੀ ਆਵੇ, ਸੇਕ ਨਾ ਆਵੇ।

ਮਾਤਾ ਗੁਜਰੀ ਜੀ ਦੀ ਸੁੰਦਰਤਾ ਬੇਮਿਸਾਲ ਸੀ। ਲੰਮਾ ਕੱਦ, ਸੁੰਦਰ ਨੈਣ, ਹੱਸਮੁਖ ਚਿਹਰਾ, ਬੋਲ ਮਿੱਠੇ-ਮਿੱਠੇ, ਅਵਾਜ ਸਹਿਜ ਅਵਸਥਾ ਵਾਲੀ, ਮਨ ਦੀ ਨਿਰਮਾਣਤਾ, ਸ਼ਰਮ ਲੱਜਾ ਅਤੇ ਨਿਮਰਤਾ ਦੀ ਸੁੰਦਰ ਮੂਰਤ ਸਨ, ਮਾਤਾ ਗੁਜਰੀ ਜੀ। ਹਰ ਵੇਲੇ ਆਪ ਜੀ ਸੱਸ, ਸਹੁਰੇ ਅਤੇ ਘਰ ਆਈ ਸਾਧ-ਸੰਗਤ ਦੀ ਸੇਵਾ ਵਿਚ ਐਸਾ ਲੀਨ ਰਹਿੰਦੇ ਸਨ ਕਿ ਆਪ ਨੇ ਕਦੇ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਹੀ ਨਹੀਂ ਸੀ ਦਿੱਤਾ।

ਆਪ ਜੀ ਦਾ ਵਿਆਹ ਹੋਏ ਨੂੰ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ, ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ, ਕਰਤਾਰਪੁਰ ਦੀ ਜੰਗ ਬੇਸ਼ੁਮਾਰ ਮੁਗਲ ਸੈਨਾ ਨਾਲ ਲੜਨੀ ਪਈ। ਇਸ ਭਿਆਨਕ ਜੰਗ ਨੂੰ ਨਵੀਂ ਵਿਆਹੀ ਆਈ, ਮਾਤਾ ਗੁਜਰੀ ਜੀ ਨੇ, ਮਕਾਨਾਂ ਦੀਆਂ ਛੱਤਾਂ ਉੱਪਰ ਚੜ੍ਹ ਕੇ ਅੱਖੀਂ ਵੇਖਿਆ। ਪਤੀ ਨੂੰ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਖੂਬ ਹੱਲਾਸ਼ੇਰੀ ਦਿੱਤੀ। ਐਸੀ ਧਰਮ, ਬਹਾਦਰ ਅਤੇ ਨਿਰਭੈ ਸ਼ਖ਼ਸੀਅਤ ਦੇ ਮਾਲਕ ਸਨ, ਮਾਤਾ ਜੀ।

ਸ੍ਰੀ ਗੁਰੂ ਤੇਗ ਬਹਾਦਰ ਜੀ, ਪਿਤਾ-ਗੁਰੂ ਦੇ ਹੁਕਮ ਅਨੁਸਾਰ, ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨਾਲ ਬਾਬਾ ਬਕਾਲਾ ਵਿਖੇ ਆ ਗਏ। ਬਾਬਾ ਬਕਾਲਾ ਵਿਖੇ ਜੋ ਤਿਆਗ, ਸੰਜਮ, ਸੇਵਾ, ਭਗਤੀ ਅਤੇ ਸਿਮਰਨ, ਗੁਰੂ ਜੀ ਦੇ ਨਾਲ, ਮਾਤਾ ਗੁਜਰੀ ਜੀ ਨੇ (ਲੱਗਭਗ 21 ਸਾਲ) ਕੀਤਾ, ਇਸ ਦੀ ਉਦਾਹਰਣ ਮਿਲਣੀ ਕਠਿਨ ਲੱਗਦੀ ਹੈ। ਮਾਤਾ ਗੁਜਰੀ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰਮਾਤਮਾ ਦੀ ਬੇਅੰਤ ਬੰਦਗੀ ਕੀਤੀ ਜਿਸ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ' ਰਚਨਾ ਵਿਚ ਵੀ ਕੀਤਾ ਹੈ:

ਤਾਤ ਮਾਤ ਮੁਰ ਅਲਖ ਅਰਾਧਾ॥
ਬਹੁ ਬਿਧਿ ਜੋਗ ਸਾਧਨਾ ਸਾਧਾ॥
ਤਿਨ ਜੋ ਕਰੀ ਅਲਖ ਕੀ ਸੇਵਾ॥
ਤਾ ਤੇ ਭਏ ਪ੍ਰਸੰਨ ਗੁਰਦੇਵਾ॥

ਇਥੇ ਹੀ ਬਸ ਨਹੀਂ, ਕਸ਼ਮੀਰੀ ਪੰਡਤਾਂ ਦੀ ਅਰਜ਼ੋਈ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ, ਦਿੱਲੀ ਜਾ ਕੇ ਸ਼ਹੀਦ ਹੋਣਾ ਤੇ ਮਾਤਾ ਗੁਜਰੀ ਜੀ ਨੇ ਭਾਣੇ ਵਿਚ ਅਡੋਲ ਰਹਿਣਾ, ਹਰ ਦੁੱਖ-ਸੁਖ ਨੂੰ ਸਮ (ਬਰਾਬਰ) ਕਰਕੇ ਜਾਣਨਾ, ਇਕ ਔਰਤ ਵਾਸਤੇ ਕੋਈ ਛੋਟੀ ਜਿਹੀ ਗੱਲ ਨਹੀਂ ਹੈ। ਜਦੋਂ ਮਹਾਨ ਸ਼ਹੀਦ ਪਿਤਾ ਦਾ ਸੀਸ ਦਿੱਲੀ ਦੇ ਚਾਂਦਨੀ ਚੌਕ ਵਿੱਚੋਂ ਉਠਾ ਕੇ ਭਾਈ ਜੈਤਾ ਜੀ ਕੀਰਤਪੁਰ ਸਾਹਿਬ ਲੈ ਕੇ ਆਏ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕੱਟਿਆ ਹੋਇਆ ਸੀਸ ਵੇਖ ਕੇ ਮਾਤਾ ਗੁਜਰੀ ਜੀ ਨੇ 'ਗੁਰੂ-ਪਤੀ' ਨੂੰ ਮੱਥਾ ਟੇਕਿਆ। ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਬਚਨ ਕਹੇ, "ਤੁਹਾਡੀ ਨਿਭ ਆਈ, ਇਹ ਕਿਰਪਾ ਕਰੋ ਕਿ ਮੇਰੀ ਵੀ ਨਿਭ ਜਾਏ! ਅੱਖਾਂ ਵਿਚ ਅੱਥਰੂ ਨਹੀਂ, ਨਾ ਹੀ ਗ਼ਮ ਸੀ, ਸਗੋਂ ਮੱਥੇ ਤੇ ਚਿਹਰੇ ਤੋਂ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਪੜ੍ਹਿਆ ਜਾ ਸਕਦਾ ਸੀ।"

ਸ੍ਰੀ ਅਨੰਦਪੁਰ ਸਾਹਿਬ ਵਿਖੇ 'ਖੰਡੇ ਕੀ ਪਾਹੁਲ' ਅਤੇ 'ਖਾਲਸਾ ਸਿਰਜਣਾ' ਵੇਲੇ ਗੁਰੂ ਜੀ ਵੱਲੋਂ ਸੀਸ ਮੰਗਣ 'ਤੇ ਬਹੁਤ ਸਾਰੇ ਸ਼ਰਧਾਲੂ ਅਤੇ ਮਸੰਦ ਦੌੜ ਕੇ ਮਾਤਾ ਗੁਜਰੀ ਜੀ ਪਾਸ ਫਰਿਆਦੀ ਹੋਏ ਸਨ ਪਰ ਮਾਤਾ ਜੀ ਅੰਤਰਯਾਮੀ ਦੂਰਦ੍ਰਿਸ਼ਟੀ ਦੇ ਮਾਲਕ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਅਨੋਖੀ ਖੇਡ ਵਿਚ ਦਖਲ ਨਾ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਜੰਗ (1700 ਈ.) ਜਿੱਤ ਕੇ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਆਏ ਤਾਂ ਮਾਤਾ ਗੁਜਰੀ ਜੀ ਨੇ ਗਲਵੱਕੜੀ ਵਿਚ ਲੈ ਕੇ, ਨਿੱਘਾ ਪਿਆਰ ਦਿੱਤਾ ਤੇ ਸ਼ਾਬਾਸ਼ ਦਿੱਤੀ।

ਗੰਗੂ ਰਸੋਈਏ ਨੇ ਜਦੋਂ ਲੂਣ ਹਰਾਮ ਕਰ ਕੇ ਮਾਤਾ ਜੀ ਦੀ ਧਨ ਹੀਰਿਆਂ ਆਦਿ ਵਾਲੀ ਗਠੜੀ ਲੁਕਾ ਲਈ ਤਾਂ ਮਾਤਾ ਜੀ ਨੇ ਬੜੇ ਪਿਆਰ ਤੇ ਠਰੰਮੇ ਨਾਲ ਗੰਗੂ ਨੂੰ ਆਖਿਆ ਸੀ, "ਗੰਗੂ ! ਤੂੰ ਇੰਜ ਕਿਉਂ ਕੀਤਾ, ਜੇ ਤੂੰ ਮੇਰੇ ਕੋਲੋਂ ਉਂਝ ਮੰਗ ਲੈਂਦੇ ਤਾਂ ਕਿਹੜੀ ਮੈਂ ਨਾਂਹ ਕਰ ਦੇਣੀ ਸੀ?"

ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿਚ ਲੈਣ ਲਈ ਆਏ ਸਿਪਾਹੀ ਵੇਖ ਕੇ ਮਾਤਾ ਗੁਜਰੀ ਜੀ ਨੇ, ਛੋਟੇ ਪੋਤਰਿਆਂ ਦੇ ਸੁੰਦਰ ਮੁਖੜੇ ਧੋਤੇ, ਸਿਰ 'ਤੇ ਦਸਤਾਰਾਂ ਸਜਾਈਆਂ ਤੇ ਕਿਹਾ "ਬੇਟਾ! ਤੁਸੀਂ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹੋ।

**ਬਾਕੀ ਸਫ਼ਾ 21 'ਤੇ................**

# ਇਤੀ ਜਿਨਿ ਕਰੀ (ਗੁਰੂ ਤੇਗ ਬਹਾਦਰ ਜੀ)

-ਸੰਤ ਨਿਸ਼ਾਨ ਸਿੰਘ ਕਥਾਕਾਰ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੁਪੋਤ੍ਰੇ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਜ਼ਲੂਮਾਂ ਉੱਤੇ ਜਰਵਾਣਿਆਂ ਵਲੋਂ ਕੀਤੇ ਜਾਂਦੇ ਜ਼ੁਲਮਾਂ ਨੂੰ ਠੱਲ੍ਹਣ ਅਤੇ ਹਿੰਦੂ ਧਰਮ ਦੀ ਰੱਖਿਆ ਵਾਸਤੇ 'ਠੀਕਰਿ ਫੋਰਿ ਦਿਲੀਸਿ ਸਿਰਿ' ਪ੍ਰਭੁ-ਪੁਰੀ ਨੂੰ ਪਿਆਨਾ ਕਰ ਗਏ। ਆਪ ਜੀ ਨੂੰ ਧਰਮ ਦੀ ਚਾਦਰ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਇਸ ਲਾਡਲੇ ਸਪੁੱਤਰ ਨੇ ਕਦੀ ਗੁਰੂ ਪਿਤਾ ਦੇ ਹੁਕਮ ਅਨੁਸਾਰ ਮੈਦਾਨੇ-ਜੰਗ ਵਿੱਚ ਤੇਗ ਦੇ ਜੌਹਰ ਵਿਖਾ ਕੇ ਵੱਡ ਜੋਧਾ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆ ਸਨ। ਗੁਰੂ ਪਿਤਾ ਨੇ ਖੁਸ਼ ਹੋ ਕੇ ਤਿਆਗ ਮੱਲ ਨੂੰ ਤੇਗ ਬਹਾਦਰ ਦਾ ਨਾਮ ਬਖ਼ਸ਼ਿਆ ਸੀ। ਤਿਆਗ, ਵੈਰਾਗ ਅਤੇ ਅਨੁਰਾਗ ਦੀ ਮੂਰਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਈ ਪੱਖਾਂ ਤੋਂ ਲਾਸਾਨੀ, ਅਲੌਕਿਕ ਅਤੇ ਵਿਚਿਤ੍ਰ ਹੈ। ਆਪ ਜੀ ਦੀ ਪਰ-ਹਿਤ ਅਤੇ ਪਰ-ਧਰਮ ਲਈ ਕੀਤੀ ਕੁਰਬਾਨੀ ਨੇ ਯੁਗਾਂ ਤੋਂ ਚਲੀ ਆਉਂਦੀ ਇਸ ਮਿਥ ਨੂੰ ਤੋੜ ਦਿੱਤਾ ਕਿ ਵੈਰ-ਵਿਰੋਧ ਦੇ ਮੁੱਖ ਕਾਰਨ ਤਿੰਨ ਹੀ ਹਨ-ਜ਼ਰ, ਜੋਰੂ ਅਤੇ ਜ਼ਮੀਨ। ਦੂਸਰਾ ਹਮੇਸ਼ਾਂ ਕਾਤਲ ਹੀ ਆਪਣੇ ਮਨੋਰਥ ਦੀ ਸਿੱਧੀ ਲਈ ਮਕਤੂਲ ਦੇ ਕੋਲ ਆਉਂਦਾ ਰਿਹਾ ਪਰ ਸ੍ਰੀ ਗੁਰੂ ਜੀ ਸ਼ਹੀਦ ਹੋਣ ਲਈ ਆਪ ਚੱਲ ਕੇ ਕਤਲਗਾਹ ਤੱਕ ਪਹੁੰਚੇ। ਤੀਸਰੀ ਅਸਚਰਜ਼ ਕਥਾ ਇਹ ਹੈ ਕਿ ਗੁਰੂ ਜੀ ਇੱਕੋ ਇੱਕ ਅਜਿਹੇ ਸ਼ਹੀਦ ਹਨ, ਜਿਨ੍ਹਾਂ ਦੇ ਸਰੀਰ ਦਾ ਸਸਕਾਰ ਦੋ ਥਾਵਾਂ ਤੇ ਕੀਤਾ ਗਿਆ ਅਤੇ ਉਹ ਵੀ ਦੋਵਾਂ ਥਾਵਾਂ ਦਾ ਫਾਸਲਾ ਸੈਂਕੜੇ ਮੀਲ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਮੁੱਖ ਕਾਰਨ ਔਰੰਗਜ਼ੇਬ ਦੀ ਤੁਅੱਸਬ ਭਰੀ ਨੀਤੀ ਹੈ। ਔਰੰਗਜ਼ੇਬ ਆਪਣੇ ਦਾਦੇ ਜਹਾਂਗੀਰ ਤੋਂ ਵੀ ਕਿਤੇ ਜਿਆਦਾ ਕੱਟੜ ਸੀ। ਇਸ ਬੇਰਹਿਮ ਬਾਦਸ਼ਾਹ ਨੇ ਰਾਗ ਭਾਗ ਹਥਿਆਉਣ ਲਈ ਆਪਣੇ ਪਿਉ ਸ਼ਾਹਜਹਾਂ ਨੂੰ ਆਗਰੇ ਦੇ ਕਿਲੇ ਵਿੱਚ ਕੈਦ ਕਰ ਦਿੱਤਾ ਸੀ, ਜਿੱਥੇ ਉਸ ਨੇ ਅੱਠ ਸਾਲ ਤੱਕ ਬੜੇ ਮੁਸ਼ਕਿਲ ਭਰੇ ਦਿਨ ਬਤੀਤ ਕੀਤੇ। ਔਰੰਗਜ਼ੇਬ ਦੇ ਵਿਹਾਰ ਬਾਰੇ ਸ਼ਾਹਜਹਾਂ ਦੁਆਰਾ ਲਿਖੇ ਇੱਕ ਪੱਤਰ ਤੋਂ ਪਤਾ ਲੱਗਦਾ ਹੈ। ਸ਼ਾਹਜਹਾਂ ਲਿਖਦਾ ਹੈ- "ਐ ਪਿਸਰ, ਤੂੰ ਅਜ਼ਲ ਮੁਸਲਮਾਨੀ ਬ ਪਿਦਰੇ ਜ਼ਿਦਾ ਆਬ ਤਰਸਾਨੀ ਆਫਰੀਨ ਬਾਦ ਹੈਦਵਾਨ ਸਦ ਬਾਰ ਮੈਂ ਦੇਹਦੰ ਪਿਦਰੇ ਮੁਰਦਾਰਾਵਾ ਦਾਇਮ ਆਬ।" ਭਾਵ- "ਹੇ ਪੁੱਤਰ, ਤੂੰ ਵੀ ਅਜੀਬ ਮੁਸਲਮਾਨ ਹੈਂ ਜੋ ਆਪਣੇ ਪਿਤਾ ਨੂੰ ਪਾਣੀ ਲਈ ਤਰਸਾ ਰਿਹਾ ਹੈਂ। ਉਹਨਾਂ ਹਿੰਦੂਆਂ ਨੂੰ ਸੌ ਸੌ ਵਾਰੀ ਪ੍ਰਣਾਮ ਜੋ ਆਪਣੇ ਮਰੇ ਹੋਏ ਪੂਰਵਜਾਂ ਨੂੰ ਵੀ ਪਾਣੀ ਦਿੰਦੇ ਹਨ।" ਆਪਣੇ ਭਰਾ ਮੁਰਾਦ ਨਾਲ ਇਸ ਨੇ ਇਹ ਧੋਖਾ ਕੀਤਾ ਕਿ ਮੈਨੂੰ ਤਾਂ ਰਾਜ ਭਾਗ ਦੀ ਲੋੜ ਨਹੀਂ ਹੈ ਮੈਂ ਦਾਰਾ ਸ਼ਿਕੋਹ ਨੂੰ ਜਿੱਤ ਕੇ ਸਭ ਕੁਝ ਤੈਨੂੰ ਦੇ ਕੇ ਆਪ ਮੱਕੇ ਜਾ ਕੇ ਤਪੱਸਿਆ ਕਰਨ ਦਾ ਮਨ ਬਣਾ ਰੱਖਿਆ ਹੈ। ਇਸ ਤਰ੍ਹਾਂ ਮੁਰਾਦ ਦੀ ਮਦਦ ਨਾਲ ਦਾਰੇ ਨੂੰ ਬੇਇੱਜ਼ਤ ਕਰਕੇ ਮਾਰਨ ਤੋਂ ਬਾਅਦ ਉਸ ਦਾ ਸਿਰ ਸ਼ਾਹਜਹਾਂ ਨੂੰ ਆਗਰੇ ਭੇਜਿਆ ਕਿਉਂ ਕਿ ਸ਼ਾਹਜਹਾਂ ਦਾਰਾ ਨੂੰ ਰਾਜ ਦੇਣਾ ਚਾਹੁੰਦਾ ਸੀ। ਫਿਰ ਸ਼ਰਾਬ ਪਿਆ ਕੇ ਮੁਰਾਦ ਨੂੰ ਵੀ ਕੈਦ ਕਰ ਲਿਆ ਤੇ ਪਿੱਛੋਂ ਇੱਕ ਸੱਯਦ ਦੇ ਕਤਲ ਦਾ ਇਲਜ਼ਾਮ ਲਗਾ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਔਰੰਗਜ਼ੇਬ ਇੰਨਾ ਬੇ-ਤਰਸ ਇਨਸਾਨ ਸੀ ਕਿ ਇਸ ਨੇ ਆਪਣੀ ਧੀ ਜ਼ੇਬ-ਉਨ-ਨਿਸਾ ਨੂੰ ਵੀਹ ਸਾਲ ਤੱਕ ਕੈਦ ਰੱਖਿਆ ਅਤੇ ਉਸਦੀ ਮੌਤ ਵੀ ਕੈਦ ਦੌਰਾਨ ਹੀ ਹੋਈ। ਜਿਸ ਭੈਣ ਰੋਸ਼ਨ ਆਰਾ ਨੇ ਰਾਜ ਭਾਗ ਪ੍ਰਾਪਤ ਕਰਨ ਵਿੱਚ ਇਸਦੀ ਸਹਾਇਤਾ ਕੀਤੀ ਸੀ, ਉਸ ਨੂੰ ਧੀਮਾ ਜ਼ਹਿਰ ਦੇ ਕੇ ਮਾਰ ਦਿੱਤਾ। ਆਪਣੇ ਭਰਾ ਸੁਜਾ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਇਸ ਪੱਥਰ ਦਿਲ ਬਾਦਸ਼ਾਹ ਨੇ ਆਪਣੇ ਵੱਡੇ ਪੁੱਤਰ ਸੁਲਤਾਨ ਮੁਹੰਮਦ ਨੂੰ ਜ਼ਹਿਰ ਦੇ ਦਿੱਤਾ, ਦੂਜੇ ਨੂੰ ਹਿੰਦੁਸਤਾਨ ਛੱਡਣ ਲਈ ਮਜ਼ਬੂਰ ਕਰ ਦਿੱਤਾ। ਸ਼ਹਿਜ਼ਾਦਾ ਮੁਅੱਜ਼ਮ (ਜੋ ਪਿੱਛੋਂ ਬਹਾਦਰ ਸ਼ਾਹ ਅਖਵਾਇਆ) ਸੱਤ ਸਾਲ ਪਰਿਵਾਰ ਸਮੇਤ ਕੈਦ ਵਿੱਚ ਪਿਆ ਰਿਹਾ। ਦਰਵੇਸ਼ ਫਕੀਰਾਂ ਉੱਪਰ ਅਨੇਕਾਂ ਜ਼ੁਲਮ ਢਾਹੇ, ਜਿਨ੍ਹਾਂ ਨੂੰ ਇਸ ਨੇ ਮੌਤ ਦੇ ਘਾਟ ਉਤਾਰਿਆ। ਉਨ੍ਹਾਂ ਵਿੱਚੋਂ ਕੁਝ ਉੱਘੇ ਫਕੀਰਾਂ ਦੇ ਨਾਮ ਇਸ ਪ੍ਰਕਾਰ ਹਨ- ਸ਼ਾਹ ਸਦਰ-ਉਦ-ਦੀਨ-ਕਸੂਰੀ, ਸ਼ਾਹ ਹਸਨ ਸ਼ਾਹਦਰਾ, ਸ਼ਾਹ ਜਮਾਲ, ਸਯੱਦ ਮੁਹੰਮਦ ਅਲੀ, ਮਿਰਜਾ ਹੈਦਰ ਬੈਰਾਗੀ, ਪੀਰ ਬੁੱਧੂ ਸ਼ਾਹ ਅਤੇ ਸਰਮੱਦ ਆਦਿ। ਇਹਨਾਂ ਜ਼ੁਲਮਾਂ ਕਰਕੇ ਇਸ ਦੇ ਦੀਨੀ ਭਰਾ ਵੀ ਇਸ ਨਾਲ ਨਰਾਜ ਹੋ ਗਏ। ਉਨ੍ਹਾਂ ਨੂੰ ਖੁਸ਼ ਕਰਨ ਲਈ ਇਸ ਨੇ ਇੱਕ ਤਰੀਕਾ ਇਜ਼ਾਦ ਕੀਤਾ ਅਤੇ ਇਹ ਗੱਲ ਪ੍ਰਚੱਲਿਤ ਕਰ ਦਿੱਤੀ ਕਿ ਮੱਕੇ ਦਾ ਹੱਜ ਕਰਨ ਗਿਆਂ ਉਸ ਨੂੰ ਖ਼ੁਦਾਵੰਦ ਕਰੀਮ ਨੇ ਇੱਕ ਤਲਵਾਰ ਬਖਸ਼ ਕੇ ਹੁਕਮ ਕੀਤਾ ਹੈ ਕਿ ਕਾਫਰਾਂ ਨੂੰ ਦੀਨ ਵਿੱਚ ਲਿਆਉ। ਇੱਥੋਂ ਅਰੰਭ ਹੁੰਦਾ ਹੈ ਹਿੰਦੂਆਂ ਉੱਤੇ

ਜ਼ੁਲਮੀ ਤੂਫਾਨ। ਹਿੰਦੂਆਂ ਉੱਤੇ ਜਜ਼ੀਆ (ਇੱਕ ਟੈਕਸ ਜੋ ਗੈਰ ਮੁਸਲਮਾਨਾਂ ਉੱਤੇ ਲਾਇਆ ਜਾਂਦਾ ਸੀ) ਦੁਬਾਰਾ ਲਾਗੂ ਕਰ ਦਿੱਤਾ। ਹਿੰਦੂ ਰਹੁ-ਰੀਤਾਂ ਉੱਤੇ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ। ਥਾਂ ਥਾਂ ਤੇ ਮੰਦਰ ਢਾਹ ਕੇ ਮਸੀਤਾਂ ਉਸਰਨ ਲੱਗੀਆਂ। ਇਸ ਨੇ ਬਨਾਰਸ ਦਾ ਵਿਸ਼ਵਨਾਥ ਮੰਦਿਰ ਅਤੇ ਮਥੁਰਾ ਦਾ ਕੇਸ਼ਵ ਰਾਯ ਮੰਦਰ ਢਾਹ ਦਿੱਤਾ। ਔਰੰਗਜ਼ੇਬ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਵਾਸਤੇ ਸਾਮ, ਦਾਮ, ਦੰਡ, ਭੇਦ ਹਰ ਤਰੀਕਾ ਵਰਤ ਰਿਹਾ ਸੀ। ਇਸ ਦੇ ਜ਼ੁਲਮਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਇੰਜ ਲਿਖਦੇ ਹਨ:-

ਇਹ ਮੁਗਲ ਚੁਕੱਤਾ, ਅਤੀ ਕੁਪੱਤਾ,
ਦਿੱਲੀ ਪੱਤਾ, ਮਦ ਮੱਤਾ।
ਨਹਿ ਮਾਨਤ ਸੱਤਾ, ਪ੍ਰਭੁ ਅਲਵੱਤਾ,
ਰਾਹੀ ਕੁੱਕਤਾ, ਇਨ ਅੱਤਾ।
ਚਾਹਿਤ ਹੈ ਕਰਨੀ, ਸਗਲੀ ਧਰਨੀ,
ਦੀਨ ਸੁਵਰਨੀ, ਤੁਰਕਾਨੀ।
ਮੰਦਰ ਸਭ ਗੇਰੇ, ਦੇਵਨ ਕੇਰੇ,
ਬਿਨ ਹੀ ਦੇਰੇ, ਅਭਿਮਾਨੀ।

ਆਪਣੇ ਸਾਰੇ ਨਾਜ਼ਮਾਂ, ਥਾਣੇਦਾਰਾਂ ਅਤੇ ਹੋਰ ਛੋਟੇ ਵੱਡੇ ਅਹੁਦੇਦਾਰਾਂ ਨੂੰ ਹੁਕਮ ਜਾਰੀ ਕਰ ਦਿੱਤੇ ਕਿ ਤੁਹਾਡੇ ਇਲਾਕੇ ਵਿੱਚ ਕੋਈ ਮੰਦਰ ਨਹੀਂ ਰਹਿਣਾ ਚਾਹੀਦਾ। ਮੂਰਤੀ ਪੂਜਾ ਨੂੰ ਬੰਦ ਕਰਨ ਵਾਸਤੇ ਮਿੱਟੀ ਦੇ ਖਿਡੌਣਿਆਂ ਤੇ ਵੀ ਪਾਬੰਦੀ ਲਾ ਦਿੱਤੀ। ਹਿੰਦੂਆਂ ਨੂੰ ਸਰਕਾਰੀ ਨੌਕਰੀਆਂ ਤੋਂ ਹਟਾ ਦਿੱਤਾ ਗਿਆ।

ਔਰੰਗਜ਼ੇਬ ਨੇ ਪੂਰੇ ਹਿੰਦੁਸਤਾਨ ਨੂੰ ਵੀ ਮੁਸਲਿਮ ਦੇਸ਼ ਬਨਾਉਣ ਦਾ ਬੀੜਾ ਚੁੱਕਿਆ। ਇਸ ਮੁਹਿੰਮ ਨੂੰ ਇੱਕ ਸਿਰੇ ਤੋਂ ਆਰੰਭ ਕਰਨ ਲਈ ਇਸ ਨੇ ਕਸ਼ਮੀਰ ਨੂੰ ਚੁਣਿਆ। ਇਫ਼ਤਖਾਰ ਖਾਂ ਨੂੰ ਸ਼ੇਰ-ਅਫ਼ਗਾਨ ਦਾ ਖ਼ਿਤਾਬ ਦੇ ਕੇ ਕਸ਼ਮੀਰ ਦਾ ਗਵਰਨਰ ਥਾਪਿਆ ਗਿਆ। ਉਸ ਨੂੰ ਖਾਸ ਹਦਾਇਤ ਦਿੱਤੀ ਗਈ ਕਿ ਭਾਵੇਂ ਲਾਲਚ ਦੇ ਕੇ, ਭਾਵੇਂ ਡਰ ਦਿਖਾ ਕੇ ਜਾਂ ਜ਼ੁਲਮ ਕਰਕੇ, ਭਾਵ ਕਿਸੇ ਵੀ ਤਰੀਕੇ ਨਾਲ ਕਸ਼ਮੀਰੀ ਪੰਡਿਤਾਂ ਨੂੰ ਸ਼ਰ੍ਹਾ ਵਿੱਚ ਲਿਆਂਦਾ ਜਾਵੇ। ਸ਼ੇਰ ਅਫ਼ਗਾਨ ਨੇ ਜ਼ੁਲਮਾਂ ਦੀ ਇੰਤਹਾ ਕਰ ਦਿੱਤੀ। ਦੁਖੀ ਹੋਏ ਕਸ਼ਮੀਰੀ ਪੰਡਿਤ ਕੁਝ ਸਮੇਂ ਦੀ ਇਜਾਜ਼ਤ ਲੈ ਕੇ ਅਮਰਨਾਥ ਦੀ ਯਾਤਰਾ ਤੇ ਗਏ ਅਤੇ ਲੱਗੇ ਭਗਵਾਨ ਸ਼ਿਵ ਜੀ ਦੀ ਆਰਾਧਨਾ ਕਰਨ। ਸੁਪਨੇ ਵਿੱਚ ਭਗਵਾਨ ਸ਼ਿਵ ਨੇ ਪੰਡਤ[1] ਕ੍ਰਿਪਾ ਰਾਮ ਨੂੰ ਦਰਸ਼ਨ ਦੇ ਕੇ ਹੁਕਮ ਕੀਤਾ "ਤੁਹਾਨੂੰ ਇਸ ਵਕਤ ਜੇ ਕੋਈ ਬਚਾ ਸਕਦਾ ਹੈ ਤਾਂ ਉਹ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ। ਇਸ ਵਾਸਤੇ ਤੁਸੀਂ ਆਨੰਦਪੁਰ ਸਾਹਿਬ ਜਾਕੇ ਉਨ੍ਹਾਂ ਦੇ ਚਰਨਾਂ ਵਿੱਚ ਹਿੰਦੂ ਧਰਮ ਦੀ ਰੱਖਿਆ ਦੀ ਬੇਨਤੀ ਕਰੋ।"

ਸ਼ਿਵ ਭਗਵਾਨ ਦਾ ਹੁਕਮ ਪਾ ਕੇ ਪੰਡਤਾਂ ਦਾ ਇੱਕ ਵਿਸ਼ਾਲ ਜਥਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਆਨੰਦਪੁਰ ਸਾਹਿਬ ਪਹੁੰਚਿਆ। ਗਲ ਵਿੱਚ ਪੱਲੇ ਪਾ ਕੇ ਦੁਖੀ ਪੰਡਤਾਂ ਨੇ ਹਜ਼ੂਰ ਦੇ ਚਰਨਾਂ ਵਿੱਚ ਜਿਵੇਂ ਬੇਨਤੀ ਕੀਤੀ, ਉਸਦਾ ਵਰਣਨ ਭਾਈ ਰਤਨ ਸਿੰਘ ਜੀ ਭੰਗੂ ਇਸ ਤਰ੍ਹਾਂ ਕਰਦੇ ਹਨ:-

ਆਇ ਬ੍ਰਹਮਨ ਸਭ ਐਸ ਪੁਕਾਰੇ।
'ਸਤਿਗੁਰ! ਸੁਨ ਆਏ ਤੁਮ ਦੁਾਰੇ।
ਹੋ ਛਤ੍ਰੀ! ਤੁਮ ਬ੍ਰਹਮ ਉਜਾਗਰ।
ਗਊ ਬ੍ਰਹਮਨ ਤੁਮ ਪ੍ਰਿਤਪਾਗਰ।
ਅਬ ਆਇ ਪਰੀ ਹਮਨੈ ਪੈ ਭਾਰੀ।
ਅਬ ਹਮ ਕੋ ਤੁਮ ਲੇਹੁ ਉਬਾਰੀ।
ਤੁਮ ਨਾਨਕ ਸਤਿਗੁਰੁ ਕਲ ਧਾਰੀ।
ਰਾਖੋ ਹਿੰਦੂਅਨ ਹਿੰਦ ਮਝਾਰੀ।
ਹਿੰਦੋਂ ਹਿੰਦੂ ਨ੍ਰਿਬੀਜ ਹੈਂ ਕਰਨੇ।
ਸ਼ਾਹਿ ਨੁਰੰਗੇ ਯੌਂ ਲਿਖ ਬਰਨੇ।
ਯਹ ਅਬ ਨੁਰੰਗੈ ਕਰੀ ਸਲਾਹਿ।
ਤ੍ਰਾਹਿ ਤ੍ਰਾਹਿ ਆਏ ਤੁਮ ਪਾਹਿ।
ਜੌ ਤੁਮ ਹੋ ਗੁਰ ਸਤਿਗੁਰ ਸੂਰੇ।
ਡੁਬਤਿ ਰਖੋ ਹਿੰਦੁਵਾਇਨ ਪੂਰੇ।

'ਸ਼ਹੀਦ ਬਿਲਾਸ ਭਾਈ ਮਨੀ ਸਿੰਘ' ਵਿੱਚ ਭਾਈ ਸੇਵਾ ਸਿੰਘ ਜੀ ਲਿਖਦੇ ਹਨ ਕਿ ਜਦ ਕਸ਼ਮੀਰ ਦੇ ਦੁਖੀ ਪੰਡਿਤ ਸ੍ਰੀ ਆਨੰਦਪੁਰ ਸਾਹਿਬ ਆਏ ਤਾਂ ਉਨ੍ਹਾਂ ਬੇਨਤੀ ਕੀਤੀ ਕਿ ਤੁਸੀਂ ਪਰਉਪਕਾਰੀ ਯੋਧੇ ਗੁਰੂ ਹਰਗੋਬਿੰਦ ਜੀ ਦੇ ਪੁੱਤਰ ਹੋ, ਉਹ ਅਣਖ ਵਾਸਤੇ ਜੂਝਦੇ ਰਹੇ ਹਨ। ਅੱਜ ਸਾਡੀ ਅਣਖ ਰੁਲ ਰਹੀ ਹੈ, ਇਸ ਲਈ ਸਾਡੀ ਬਾਂਹ ਫੜੋ:-

ਦੁਖੀਏ ਬਿਪ੍ਰ ਜੂ ਚੱਲ ਕੇ, ਆਏ ਪੁਰੀ ਆਨੰਦ।
ਬਾਂਹਿ ਅਸਾਡੀ ਪਕੜੀਏ, ਗੁਰੂ ਹਰਗੋਬਿੰਦ ਕੇ ਚੰਦ।

ਪ੍ਰਿੰ. ਸਤਿਬੀਰ ਸਿੰਘ ਜੀ ਲਿਖਦੇ ਹਨ ਕਿ ਜਦ ਕਸ਼ਮੀਰੀ ਪੰਡਿਤਾਂ ਨੇ ਦਰ ਆ ਕੇ ਪੁਕਾਰ ਕੀਤੀ ਕਿ, "ਬਾਂਹਿ ਅਸਾਡੀ ਪਕੜੀਏ' ਤਾਂ ਮਹਾਰਾਜ ਜੀ ਬਖਸ਼ਿਸ਼ਾਂ ਦੇ ਦਰ ਆ ਕੇ ਫਰਮਾਇਆ, "ਬਾਂਹ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨਾ ਛੋੜੀਐ।" ਆਸਰਾ ਸਦਾ ਚਰਨ ਕੰਵਲਾਂ ਦਾ ਰੱਖਣਾ ਚਾਹੀਦਾ ਹੈ ਅਤੇ ਚਿਤ ਵੀ ਚਰਨਾਂ ਨਾਲ ਹੀ ਜੋੜਨਾ ਚਾਹੀਦਾ ਹੈ। ਭਾਵੇਂ ਕਿਤਨੇ ਤਸੀਹੇ ਦਿੱਤੇ ਜਾਣ,

ਧਰਮ ਨਹੀਂ ਛੱਡਣਾ ਚਾਹੀਦਾ। ਜਿਸਦੀ ਬਾਂਹ ਇੱਕ ਵਾਰ ਪਕੜ ਲਈਏ ਜਾਨ ਤੇ ਖੇਡ ਕੇ ਵੀ ਉਸਦਾ ਸਾਥ ਨਿਭਾਉਣਾ ਚਾਹੀਦਾ ਹੈ। ਇਨ੍ਹਾਂ ਖਿਆਲਾਂ ਨੂੰ ਚਾਂਦ ਭੱਟ ਨੇ ਬੜੀ ਖੂਬਸੂਰਤੀ ਨਾਲ ਗੁੰਦਿਆ ਹੈ :-

ਚਿਤ ਚਰਨ ਕਮਲ ਕਾ ਆਸਰਾ,
ਚਿਤ ਚਰਨ ਕਮਲ ਸੰਗ ਜੋੜੀਐ॥
ਮਨ ਲੋਚੈ ਬੁਰਿਆਈਆਂ,
ਗੁਰ ਸਬਦੀ ਇਹ ਮਨ ਹੋੜੀਐ॥
ਬਾਂਹ ਜਿਨ੍ਹਾਂ ਦੀ ਪਕੜੀਐ,
ਸਿਰ ਦੀਜੈ ਬਾਂਹਿ ਨਾ ਛੋੜੀਐ॥
ਤੇਗ ਬਹਾਦਰ ਬੋਲਿਆ,
ਧਰ ਪਈਐ ਧਰਮ ਨ ਛੋੜੀਐ॥
(ਬੋਲਣਾ ਗੁਰੂ ਤੇਗ ਬਹਾਦਰ ਜੀ ਦਾ ਜ਼ਬਾਨੀ ਭੱਟ ਚਾਂਦ ਕੀ)

ਇਸ ਤਰ੍ਹਾਂ ਔਰੰਗਜ਼ੇਬ ਦੇ ਜ਼ੁਲਮਾਂ ਅਤੇ ਹਿੰਦੂਆਂ ਦੇ ਦੁੱਖਾਂ ਨੂੰ ਸੁਣ ਕੇ ਗੁਰੂ ਜੀ ਦਾ ਕੋਮਲ ਮਨ ਦ੍ਰਵਿਤ ਹੋ ਉੱਠਿਆ। ਬਚਨ ਕੀਤਾ ਕਿ ਜਾਉ, ਔਰੰਗੇ ਪਾਸ ਇਸ ਤਰ੍ਹਾਂ ਦੀ ਅਰਜ਼ੀ ਦਿਓ ਕਿ ਜੇਕਰ ਬਾਦਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਲਵੇ ਤਾਂ ਅਸੀਂ ਸਭ ਆਪਣੇ ਆਪ ਹੀ ਮੁਸਲਮਾਨ ਹੋ ਜਾਵਾਂਗੇ। ਜੇ ਉਹ ਨਾ ਹੋਏ ਤਾਂ ਸਾਨੂੰ ਵੀ ਮਾਫੀ ਬਖਸ਼ੋ। ਇਸ ਤਰ੍ਹਾਂ ਉਹਨਾਂ ਲੋਕਾਂ ਨੇ ਪੰਜਾਬ ਦੇ ਹਾਕਮ ਤੱਕ ਇਹ ਅਰਜ਼ੀ ਝੱਟਪੱਟ ਪਹੁੰਚਾ ਦਿੱਤੀ। ਜਦ ਇਹ ਖਬਰ ਬਾਦਸ਼ਾਹ ਤੱਕ ਪਹੁੰਚੀ ਤਾਂ ਤੁਰਕਾਂ ਦੇ ਘਰ ਵਿੱਚ ਬੇਅੰਤ ਖੁਸ਼ੀਆਂ ਹੋਈਆਂ ਕਿ ਇੱਕ ਆਦਮੀ ਨੂੰ ਮਨਾਉਣਾ ਤਾਂ ਬਹੁਤ ਸੌਖਾ ਕੰਮ ਹੋਵੇਗਾ। ਔਰੰਗੇ ਨੇ ਦੋ ਅਹਿਦੀਏ ਗੁਰੂ ਜੀ ਨੂੰ ਲਿਆਉਣ ਵਾਸਤੇ ਆਨੰਦਪੁਰ ਵੱਲ ਤੋਰ ਦਿੱਤੇ। ਅਹਿਦੀਆਂ ਦੇ ਆਉਣ ਤੇ ਗੁਰੂ ਜੀ ਬਚਨ ਕੀਤਾ ਕਿ ਤੁਸੀਂ ਜਾਉ ਅਸੀਂ ਆਪੇ ਪਹੁੰਚ ਜਾਵਾਂਗੇ।

ਕਿਉਂਕਿ ਗੁਰੂ ਜੀ ਨਿਸ਼ਚਾ ਕਰ ਚੁੱਕੇ ਸਨ ਕਿ ਹੁਣ ਸਿਰ ਦਿੱਤੇ ਬਿਨਾਂ ਧਰਮ ਨਹੀਂ ਰੱਖਿਆ ਜਾ ਸਕਦਾ, ਇਸ ਲਈ ਪਾਤਸ਼ਾਹ ਜੀ 11 ਜੁਲਾਈ 1675 ਨੂੰ (ਭਾਈ ਮਤੀ ਦਾਸ, ਭਾਈ ਸਤੀ ਦਾਸ, ਬਾਬੇ ਬੁੱਢੇ ਕਾ ਗੁਰਦਿੱਤਾ, ਭਾਈ ਦਿਆਲਾ, ਭਾਈ ਊਦਾ ਰਠੌਰ) ਪੰਜ ਸਿੱਖਾਂ ਸਮੇਤ ਦਿੱਲੀ ਵੱਲ ਚਾਲੇ ਪਾ ਦਿੱਤੇ। ਗੁਰੂ ਜੀ ਨੇ ਚੱਲਣ ਵੇਲੇ ਜੋ ਉਪਦੇਸ਼ ਸੰਗਤਾਂ ਨੂੰ ਦਿੱਤਾ, ਉਸ ਬਾਰੇ ਬਾਲਮ ਜੀ ਇੰਜ ਬਿਆਨ ਕਰਦੇ ਹਨ-

ਰੋਵੋ ਨਾ ਬੇਟਾ ਹੰਸੋ ਦੇਖ ਮੁਝ ਕੇ,
ਮੈਂ ਸੀਸ ਕੀ ਭੇਟਾ ਚੜ੍ਹਨੇ ਚਲਾ ਹੂੰ।
ਲਗੀ ਆਗ ਪਾਪੋਂ ਕੀ ਜਲ ਰਹੀ ਹੈ ਦੁਨੀਆਂ,
ਮੈਂ ਖ਼ੂਨ ਪਾ ਕੇ ਅਪਨਾ ਬੁਝਾਨੇ ਚਲਾ ਹੂੰ।
ਜੋ ਜੰਞੂ ਕੋ ਤੋੜੇ ਔ ਚੋਟੀ ਕੋ ਕਾਟੇ,
ਵਹੀ ਤੇਜ ਖੰਜ਼ਰ ਮੈਂ ਖਾਨੇ ਚਲਾ ਹੂੰ।
ਮੇਰੀ ਬਸੀ ਦੁਨੀਆਂ ਉਜੜ ਜਾਏ ਬੇਸ਼ਕ,
ਮੈਂ ਹਿੰਦੂਓਂ ਕੀ ਬਸਾਨੇ ਚਲਾ ਹੂੰ।

ਗੁਰੂ ਜੀ ਰੋਪੜ, ਮਦਾਰਾਂ ਪੁਰ, ਕਬੂਲ ਪੁਰ, ਨਨਹੇੜੀ ਆਦਿ ਪਿੰਡਾਂ ਦੀ ਸੰਗਤਾਂ ਨੂੰ ਤਾਰਦੇ ਹੋਏ ਸੈਫਾਬਾਦ (ਜਿੱਥੇ ਅੱਜ ਕੱਲ ਬਹਾਦਰਗੜ੍ਹ ਦਾ ਕਿਲ੍ਹਾ ਹੈ) ਸੈਫ ਖਾਨ ਕੋਲ ਜਾ ਉਤਾਰਾ ਕੀਤਾ। ਕਰੀਬ ਦੋ ਮਹੀਨੇ ਉਸਦੀ ਸੇਵਾ ਪ੍ਰਵਾਨ ਕਰਨ ਤੋਂ ਬਾਅਦ ਕਾਇਮਪੁਰ ਬਿਲਾਸਪੁਰ ਆਦਿ ਪਿੰਡਾਂ ਨੂੰ ਨਿਵਾਜਦੇ ਹੋਏ ਸਮਾਣੇ ਜਾ ਠਹਿਰੇ। ਸਮਾਣੇ ਤੋਂ ਕਰਹਾਲੀ, ਚੀਕਾ, ਪਿਹੋਵਾ, ਰੁਹੇਲਾ, ਲਖਣ ਮਾਜਰਾ, ਰੋਹਤਕ, ਕਨੌੜ ਤੋਂ ਹੁੰਦੇ ਹੋਏ ਆਗਰੇ ਸ਼ਹਿਰ ਜਾ ਨਿਵਾਸ ਕੀਤਾ। ਇੱਥੇ ਸਯੱਦ ਹਸਨ ਅਲੀ ਨਾਂ ਦਾ ਇੱਕ ਨਿਰਧਨ ਆਜੜੀ ਗੁਰੂ ਜੀ ਨੂੰ ਆਪਣੇ ਹੀ ਢੰਗ ਨਾਲ ਯਾਦ ਕਰਦਾ ਪਿਆ ਸੀ। ਇਹ ਦੁਆਵਾਂ ਕਰਦਾ ਸੀ ਕਿ ਸਰਕਾਰ ਨੇ ਗੁਰੂ ਜੀ ਦੇ ਸਿਰ ਤੇ 1000 ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। ਪਤਾ ਲੱਗਾ ਹੈ ਕਿ ਗੁਰੂ ਜੀ ਆਖਦੇ ਹਨ ਕਿ ਅਸੀਂ ਖੁਦ ਹੀ ਦਿੱਲੀ ਜਾਵਾਂਗੇ। ਉਹਨਾਂ ਨੇ ਤਾਂ ਜਾਣਾ ਹੀ ਹੈ ਪਰ ਜੇ ਕਿਤੇ ਮੇਰੇ ਤੇ ਤਰਸ ਕਰਕੇ ਮੈਨੂੰ ਮਿਲ ਪੈਣ ਤਾਂ ਮੈਂ ਉਹਨਾਂ ਨੂੰ ਪਕੜਾ ਕੇ ਇਨਾਮ ਪ੍ਰਾਪਤ ਕਰ ਕੇ ਆਪਣੀ ਗਰੀਬੀ ਕੱਟ ਲਵਾਂ। ਜਾਣੀ ਜਾਣ ਸਤਿਗੁਰੂ ਜੀ ਡੇਰੇ ਤੋਂ ਬਾਹਰ ਵਿਚਰਦੇ-ਵਿਚਰਦੇ ਉਸ ਬਾਗ ਵਿੱਚ ਜਾ ਬੈਠੇ, ਜਿੱਥੇ ਉਸ ਸਯੱਦ ਦਾ ਪੋਤ੍ਰਾ ਬੱਕਰੀਆਂ ਚਾਰਦਾ ਸੀ। ਉਸ ਨੂੰ ਅੰਗੂਠੀ ਅਤੇ ਸ਼ਾਲ ਦੇ ਕੇ ਬਚਨ ਕੀਤਾ ਕਿ ਉਹ ਅੰਗੂਠੀ ਗਹਿਣੇ ਰੱਖ ਕੇ ਦੋ ਰੁਪਏ ਦੀ ਮਠਿਆਈ ਸ਼ਾਲ ਵਿੱਚ ਪੁਆ ਕੇ ਲਿਆਵੇ, ਤੇ ਨਾਲ ਹੀ ਬਚਨ ਕੀਤਾ ਕਿ ਜੇ ਕੋਈ ਉਸਨੂੰ ਪੁੱਛੇ ਤਾਂ ਉਹ ਦੱਸ ਦੇਵੇ ਕਿ ਉਸਨੂੰ ਗੁਰੂ ਜੀ ਨੇ ਭੇਜਿਆ ਹੈ ਪਰ ਇਸ ਤੋਂ ਪਹਿਲਾਂ ਆਪਣੇ ਦਾਦੇ ਨੂੰ ਜ਼ਰੂਰ ਨਾਲ ਲੈ ਲਵੇ। ਭਾਈ ਮਤੀ ਦਾਸ ਜੀ ਅਰਜ਼ ਕੀਤੀ ਕਿ ਉਸ ਕੋਲ ਪੈਸੇ ਹਨ, ਅੰਗੂਠੀ ਗਹਿਣੇ ਨਾ ਰੱਖ ਕੇ ਉਹ ਖੁਦ ਜਾ ਕੇ ਨਕਦ ਮਠਿਆਈ ਲੈ ਆਵੇਗਾ। ਪਾਤਸ਼ਾਹ ਜੀ ਉੱਤਰ ਦਿੱਤਾ, "ਚੁੱਪ ਹੋ ਕੇ ਕਰਤਾਰ ਦੇ ਰੰਗ ਦੇਖੋ।" ਇਸ ਤਰ੍ਹਾਂ ਉਸ ਬੁੱਢੇ ਸਯੱਦ ਦੇ ਰਾਹੀਂ ਰਜ਼ਾ ਦੇ ਮਾਲਕ ਗੁਰੂ ਜੀ ਕਿਲ੍ਹੇਦਾਰ ਪਾਸ ਗ੍ਰਿਫਤਾਰ ਹੋ ਗਏ। ਸਦਰ ਦੀਨ ਉਮਰ ਆਪ ਜੀ ਨੂੰ ਪਾਲਕੀ ਵਿੱਚ ਬਿਠਾ ਕੇ ਦਿੱਲੀ ਲੈ ਗਿਆ।

ਆਪ ਜੀ ਨੂੰ ਸ਼ਾਹੀ ਹੁਕਮ ਨਾਲ ਭੂਤਾਂ ਵਾਲੀ ਹਵੇਲੀ ਵਿਚ ਰੱਖਿਆ ਗਿਆ। ਗੁਰੂ ਜੀ ਨੇ ਉੱਥੇ ਵੱਸਣ ਵਾਲੇ ਦੇਉ ਦਾ ਉਧਾਰ ਕੀਤਾ। ਗੁਰੂ ਜੀ ਅੱਗੇ ਤਿੰਨ ਚੋਣਾਂ ਰੱਖੀਆਂ ਗਈਆਂ- ਕਲਮਾਂ, ਕਰਾਮਾਤ, ਕਜ਼ਾ। ਭਾਵ ਉਹ ਖੁਸ਼ੀ ਨਾਲ ਇਸਲਾਮ ਕਬੂਲ ਕਰ ਲੈਣ ਅਤੇ ਜਗਤ ਪੀਰ ਬਣਕੇ ਸਭ ਸੁਖ ਸਹੂਲਤਾਂ ਮਾਨਣ ਜਾਂ ਕਰਾਮਾਤ ਵਿਖਾਉਣ ਜਾਂ ਮੌਤ ਲਈ ਤਿਆਰ ਹੋ ਜਾਣ। ਸਤਿਗੁਰੂ ਜੀ ਨੇ ਪਹਿਲੀਆਂ ਦੋਵੇਂ ਗੱਲਾਂ ਠੁਕਰਾ ਨੇ ਧਰਮ ਹੇਤ ਸਾਕਾ ਕਰਨ ਨੂੰ ਪਹਿਲ ਦਿੱਤੀ। ਆਪ ਜੀ ਨੂੰ ਲੋਹੇ ਦੇ ਅਜਿਹੇ ਪਿੰਜਰੇ ਵਿੱਚ ਵੀ ਰੱਖਿਆ ਗਿਆ, ਜਿਸ ਵਿੱਚ ਹਿੱਲਣਾ-ਜੁੱਲਣਾ ਵੀ ਅਤੀ ਮੁਸ਼ਕਿਲ ਅਤੇ ਦੁਖਦਾਈ ਸੀ। ਹੁਣ ਜ਼ਾਲਮਾਂ ਵਲੋਂ ਹਜ਼ੂਰੀ ਸਿੱਖਾਂ ਨੂੰ ਸ਼ਹੀਦ ਕਰਨ ਦਾ ਪ੍ਰੋਗਰਾਮ ਨਿਸ਼ਚਿਤ ਕੀਤਾ ਗਿਆ ਕਿ ਸ਼ਾਇਦ ਗੁਰੂ ਜੀ ਆਪਣੀਆਂ ਅੱਖਾਂ ਸਾਹਵੇਂ ਇਨ੍ਹਾਂ ਦੀ ਦੁਖਦਾਈ ਮੌਤ ਵੇਖ ਕੇ ਘਬਰਾ ਜਾਣਗੇ। ਜਾਂ ਸਿੱਖਾਂ ਵਿੱਚੋਂ ਕੋਈ ਡੋਲ ਕੇ ਧਰਮ ਦਾ ਪੱਲਾ ਛੱਡ ਦੇਵੇਗਾ। ਯਾਦ ਰਹੇ ਕਿ ਗੁਰੂ ਜੀ ਨੇ ਭਾਈ ਗੁਰਦਿੱਤਾ ਅਤੇ ਭਾਈ ਊਦਾ ਨੂੰ ਪਹਿਲਾਂ ਹੀ ਆਜ਼ਾਦ ਕਰ ਦਿੱਤਾ ਸੀ।

**ਭਾਈ ਮਤੀ ਦਾਸ[2] ਜੀ ਸ਼ਹੀਦ–** ਭਾਈ ਸਾਹਿਬ ਜੀ ਨੂੰ ਗੁਰੂ ਕੇ ਦੀਵਾਨ ਹੋਣ ਦਾ ਮਾਣ ਹਾਸਿਲ ਸੀ। ਆਪ ਜੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਭਾਈ ਪਿਰਾਗਾ ਜੀ ਦੇ ਵੰਸ਼ਜ਼ ਸਨ। ਆਪ ਜੀ ਨੇ ਇੱਕ ਦਿਨ ਗੁਰੂ ਜੀ ਦਾ ਸੀਤ ਪ੍ਰਸਾਦ ਗੰਨੇ ਦੀਆਂ ਛਿੱਲਾਂ ਚੂਪ ਕੇ ਵਜਦ ਵਿੱਚ ਆ ਕੇ ਬਚਨ ਕੀਤਾ ਸੀ ਕਿ ਉਸ ਕੋਲੋਂ ਗੁਰੂ ਜੀ ਉੱਪਰ ਕੀਤਾ ਜਾਂਦਾ ਜ਼ੁਲਮ ਝੱਲ ਨਹੀਂ ਹੁੰਦਾ, ਜੇ ਉਸ ਨੂੰ ਹੁਕਮ ਹੋਵੇ ਤਾਂ ਉਹ ਮੁਗਲ ਬਾਦਸ਼ਾਹੀ ਖਤਮ ਜਰ ਦੇਵੇ। ਪਰ ਸਤਿਗੁਰੂ ਜੀ ਨੇ ਆਪ ਨੂੰ ਕਰਾਮਾਤ ਵਿਖਾਉਣ ਤੋਂ ਰੋਕ ਦਿੱਤਾ ਸੀ। ਭਾਈ ਸਾਹਿਬ ਅੱਗੇ ਵੀ ਉਹੋ ਸ਼ਰਤਾਂ ਰੱਖੀਆਂ ਗਈਆਂ। ਪਰ ਭਾਈ ਜੀ ਗੁਰੂ ਭਾਣੇ ਵਿਚ ਰਹਿ ਕੇ ਧਰਮ ਖਾਤਿਰ ਸ਼ਹਾਦਤ ਦਾ ਜਾਮ ਪੀਣ ਲਈ ਦ੍ਰਿੜ ਨਿਸਚਿਤ ਸਨ। ਆਪ ਜੀ ਨੂੰ ਆਰੇ ਨਾਲ ਚੀਰਨ ਦੀ ਸਜ਼ਾ ਦਿੱਤੀ ਗਈ। ਅੰਤਿਮ ਇੱਛਾ ਪੁੱਛਣ ਤੇ ਆਪ ਜੀ ਨੇ ਆਖਿਆ ਸੀ, 'ਜਦ ਮੇਰੇ ਸਿਰ ਉੱਤੇ ਆਰਾ ਚੱਲੇ, ਮੇਰਾ ਮੂੰਹ ਮੇਰੇ ਸਤਿਗੁਰੂ ਵੱਲ ਹੋਵੇ।' ਆਪ ਨੂੰ ਦੋ ਫੱਟਿਆਂ ਵਿੱਚ ਨਰੜ ਕੇ ਸੀਸ ਉੱਤੇ ਆਰਾ ਰੱਖਿਆ ਗਿਆ। ਆਪ ਆਪਣੇ ਨੇਤਰਾਂ ਨਾਲ ਆਪਣੇ ਪ੍ਰੀਤਮ ਦਾ ਦਰਸ਼ਨ ਕਰਦੇ ਹੋਏ ਜਪੁ ਸਾਹਿਬ ਦਾ ਪਾਠ ਕਰ ਰਹੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਬਚਨ ਪੂਰਾ ਹੋ ਰਿਹਾ ਸੀ–

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

ਜ਼ਾਲਮਾਂ ਨੇ ਆਰਾ ਚਲਾ ਦਿੱਤਾ, ਖੋਪੜ, ਮੁੱਖ, ਛਾਤੀ ਨੂੰ ਚੀਰਦਾ ਹੋਇਆ ਆਰਾ ਧਰਤੀ ਨਾਲ ਜਾ ਲੱਗਿਆ। ਸਰੀਰ ਦੋ ਟੋਟੇ ਹੋ ਗੁਰੂ ਚਰਨਾਂ ਵਿੱਚ ਡਿੱਗ ਪਿਆ। ਪਰ ਦੋਹਾਂ ਟੋਟਿਆਂ ਵਿੱਚੋਂ ਹਾਲੀ ਵੀ ਆਵਾਜ਼ ਆ ਰਹੀ ਸੀ–

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

ਇਸ ਵਕਤ ਦੇ ਸੀਨ ਨੂੰ ਪੰਜਾਬੀ ਦੇ ਮਹਾਨ ਕਵੀ ਬਰਕਤ ਸਿੰਘ ਅਨੰਦ ਨੇ ਇੰਜ ਖਿੱਚਿਆ ਹੈ–

ਇਉਂ ਵਹਿਣ ਲਹੂ ਦਾ ਵਗਦਾ,
ਪਿਆ ਦਏ ਨਜ਼ਾਰਾ।
ਜਿਉਂ ਵਗੇ ਸ਼ਿਵਾ ਦੀਆਂ ਜਟਾਂ 'ਚੋਂ,
ਗੰਗਾ ਦੀ ਧਾਰਾ।
ਰੂਹ ਬੈਠਾ ਹੈ ਸੀ ਬੁੱਤ ਤੋਂ,
ਕਰ ਇੰਜ ਕਿਨਾਰਾ।
ਸੱਪ ਬਹਿੰਦਾ ਜੀਕਣ ਕੁੰਜ ਦਾ,
ਮੋਹ ਤੋੜ ਪਿਆਰਾ।
ਇਉਂ ਟਿਕਿਆ ਪਰਬਤ ਸਿਦਕ ਦਾ,
ਦੁੱਖ ਜਰ ਕੇ ਸਾਰਾ।
ਜਿਉਂ ਗੱਟੂ ਹੋਵੇ ਚੀਰਦਾ,
ਕੋਈ ਲੱਕੜ ਹਾਰਾ।
ਦੋ ਟੁਕੜੇ ਹੋ ਕੇ ਡਿੱਗ ਪਿਆ,
ਭਾਰਤ ਦਾ ਤਾਰਾ।
ਭਾਰਤ ਦੇ ਢੱਠਦੇ ਮਹਿਲ ਦਾ,
ਬਣ ਗਿਆ ਮੁਨਾਰਾ।

**ਭਾਈ ਦਿਆਲਾ ਜੀ ਸ਼ਹੀਦ–** ਆਪ ਜੀ ਭਾਈ ਮਨੀ ਸਿੰਘ ਹੋਰਾਂ ਦੇ ਸਕੇ ਭਰਾ ਸਨ। ਆਪ ਜੀ ਨੂੰ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ। ਆਪ ਜੀ ਨੇ ਸ਼ਹੀਦ ਹੋਣ ਵੇਲੇ ਅਰਦਾਸ ਕੀਤੀ ਸੀ, "ਹੇ ਗੁਰੂ ਅਰਜਨ ਦੇਵ ਜੀ ਆਪ ਜੀ ਨੇ ਦੇਗ ਵਿੱਚ ਉਬਲ ਕੇ ਜੋ ਪੂਰਨੇ ਪਾਏ ਸਨ, ਕਿਰਪਾ ਕਰਿਉ, ਅੱਜ ਆਪਣੇ ਨਿਮਾਣੇ ਸਿੱਖ ਨੂੰ ਆਪਣੀ ਮਿਹਰ ਨਾਲ ਪਾਸ ਕਰ ਲਿਉ।" ਕਵੀ ਲਿਖਦਾ ਹੈ:–

ਗੁਰ ਚਰਨਾਂ ਵਿਚ ਸੂਰਮੇ,
ਲੀਤੀ ਬਿਰਤੀ ਗੱਡ।
ਪਲ ਵਿੱਚ ਚਮੜਾ ਸਾੜ ਕੇ,
ਕੁਸ਼ਤਾ ਕੀਤੇ ਹੱਡ।
ਫੜ ਕੇ ਬੁੱਲ ਮਹਾਂ ਬੀਰ ਦੇ,
ਆਇਆ ਜਦੋਂ ਉਬਾਲ।
ਨਾਨਕ ਤੇ ਮੁਖ ਉਜਲੇ,
ਕੇਤੀ ਛੁਟੀ ਨਾਲਿ।
ਸਾੜ ਜਗਤ ਦਾ ਲੈ ਗਿਆ,
ਚੁਣ ਕੇ ਨਾਲ ਪਰੀਤ।
ਭਾਰਤ ਤਾਈਂ ਦੇ ਗਿਆ,
ਤਪ ਤੇਜ ਅਰ ਸੀਤ।

**ਭਾਈ ਸਤੀ ਦਾਸ ਜੀ–** ਆਪ ਜੀ ਭਾਈ ਮਤੀ ਦਾਸ ਸ਼ਹੀਦ ਦੇ ਭਰਾ ਸਨ। ਆਪ ਗੁਰੂ-ਦਰਬਾਰ ਵਿੱਚ ਲਿਖਾਰੀ ਦੀ ਸੇਵਾ ਨਿਭਾਉਂਦੇ ਸਨ। ਜੋ ਬਚਨ ਗੁਰੂ ਜੀ ਕਰਦੇ, ਆਪ ਫਾਰਸੀ ਅੱਖਰਾਂ ਵਿੱਚ ਲਿਖ ਲੈਂਦੇ। ਆਪ ਜੀ ਨੂੰ ਰੂੰ ਵਿੱਚ ਬੰਨ੍ਹ ਕੇ ਸ਼ਹੀਦ ਕੀਤਾ ਗਿਆ।

**ਗੁਰੂ ਜੀ ਦੀ ਸ਼ਹੀਦੀ–** ਜਿੱਥੇ ਗੁਰੂ ਜੀ ਆਪਣੇ ਤਨ ਉੱਤੇ ਅਨੇਕਾਂ ਦੁੱਖੜੇ ਸਹਿੰਦੇ ਹੋਏ ਅਡੋਲ ਰਹੇ। ਉੱਥੇ ਤਿੰਨ ਪਿਆਰੇ ਸਿੱਖਾਂ ਨੂੰ ਨੇਤਰਾਂ ਸਾਹਮਣੇ ਸ਼ਹੀਦ ਹੁੰਦਾ ਤੱਕ ਕੇ ਵੀ ਸ਼ਾਂਤ ਰਸ ਵਿੱਚ ਲੀਨ ਰਹੇ। ਔਰੰਗਜ਼ੇਬ ਦੇ ਹੁਕਮ ਨਾਲ ਪ੍ਰਮੁੱਖ ਕਾਜ਼ੀ ਅਬਦੁੱਲ ਵਹਾਬ ਵੋਹਰਾ ਨੇ ਗੁਰੂ ਜੀ ਨੂੰ ਦੀਨ-ਇਸਲਾਮ ਵਿੱਚ ਲਿਆਉਣ ਦਾ ਬਹੁਤ ਯਤਨ ਕੀਤਾ। ਸਤਿਗੁਰੂ ਜੀ ਨੇ ਧਰਮ ਦੀ ਪ੍ਰੀਭਾਸ਼ਾ ਦਿੰਦੇ ਹੋਏ ਫੁਰਮਾਏ:-

ਕਿਹਾ ਗੁਰੂ ਜੀ ਹੋਰ ਵੀ ਹੈ ਇੱਕ,
ਮਾਨਵਤਾ ਦਾ ਮਜ਼੍ਹਬ ਅਪਾਰ।
ਦਰਿਆ ਨਦ ਨਦੀਆਂ ਰਲ ਨਾਲੇ,
ਸਭ ਜਾ ਪੈਣ ਸਮੁੰਦ ਮਝਾਰ।
ਇੱਕੋ ਰੱਬ ਰਹੀਮ ਹੈ ਇੱਕੋ,
ਈਸ਼੍ਵਰ ਅੱਲਾ ਇੱਕੋ ਨਾਮ।
ਇੱਕੋ ਦੀਨ ਧਰਮ ਵੀ ਇੱਕੋ,
ਇੱਕ ਖ਼ੁਦਾ ਹੈ ਇੱਕੋ ਰਾਮ।
ਓਹੀ ਰਹੇ ਮਸੀਤਾਂ ਅੰਦਰ,
ਓਸੇ ਦਾ ਮੰਦਰ ਵਿੱਚ ਵਾਸ।
ਓਹੀ ਮੱਕੇ ਕਾਬੇ ਓਹੀ,
ਓਹੀ ਤੀਰਥ ਕਰੇ ਨਿਵਾਸ।
ਮਸਜਿਦ ਨੂੰ ਇੱਟਾਂ ਨੇ ਓਹੀ, .
ਮੰਦਰ ਨੂੰ ਗਾਰਾ ਨਹੀਂ ਹੋਰ।
ਓਹੀ ਬੈਠਾ ਗਿਰਜੇ ਅੰਦਰ,
ਓਹੋ ਬ੍ਰਿਜ ਵਿੱਚ ਮੱਖਣ ਚੋਰ।
ਸਭਨਾਂ ਦੇ ਅੰਦਰ ਹੈ ਓਹੀ,
ਤੱਕੋ ਕਰ ਕੇ ਦੂਈ ਦੂਰ।
ਜਿੱਧਰ ਵੇਖੋ ਓਧਰ ਦਿਸੇ,
ਸਭਨਾਂ ਵਿੱਚ ਓਸੇ ਦਾ ਨੂਰ।
ਗੁਰੂ ਨਾਨਕ ਨੇ ਸਾਡੇ ਖੋਲ੍ਹੇ,
ਸਭੋ ਜਿੰਨੇ ਭਰਮ ਤੇ ਵਹਿਮ।
ਦਿੱਤਾ ਓਸ ਸੁਝਾਅ ਇਹ ਸਾਨੂੰ,
ਇੱਕੋ ਅਲਹੁ ਪਾਰਬ੍ਰਹਮ।

(ਸੰਤ ਇੰਦ੍ਰ ਸਿੰਘ ਚੱਕ੍ਰਵਰਤੀ, 'ਹਿੰਦ ਦੀ ਚਾਦਰ' ਮਹਾਂਕਾਵਿ 'ਚੋਂ)

ਜਦ ਕਾਜ਼ੀ ਨੇ ਆਪ ਜੀ ਨੂੰ ਪੁੱਛਿਆ ਕਿ ਉਨ੍ਹਾਂ ਨੇ 'ਤੇਗ ਬਹਾਦਰ' ਨਾਮ ਰਖਾਇਆ ਹੈ, ਇਸ ਵਿੱਚ ਕੀ ਕਰਾਮਾਤ ਹੈ। ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ ਗੁਰੂ ਜੀ ਦੇ ਉੱਤਰ ਦਾ ਆਪਣੇ ਸ਼ਬਦਾਂ ਵਿੱਚ ਜ਼ਿਕਰ ਕੀਤਾ ਹੈ:-

ਤੇਗ ਪੁਲਾਦੀ ਆਦਿ ਹਲੱਬੀ।
ਜਾਤਿ ਅਨੇਕਨ ਕੇਰ ਜੁਨੱਬੀ।
ਕੈਸੀ ਤੀਖਨ ਹੋਇ ਬਨਾਈ।
ਅਤਿ ਸੂਖਮਧਾਰ ਸੁਧਰਾਈ।
ਅਗ੍ਰ ਤਾਂਹਿ ਕੈ ਕਾਗਦ ਧਰਿ ਕੈ।
ਕਾਚੈ ਤਾਗੇ ਸੋਂ ਬੰਧਿ ਕਰਿ ਕੈ।
ਹੋਹਿ ਸਬਿਦਜਨ ਬਡ ਬਲਵਾਰਾ।
ਹਮਰੇ ਤਨ ਪਰ ਕਰੈ ਪ੍ਰਹਾਰਾ।
ਅਪਰ ਬਾਰਤਾ ਕਹੀਐ ਕਾਂ ਤੇ।
ਕਾਗਦ ਭੀ ਨ ਸਕਹਿ ਛਿਦ ਤਾਂ ਤੇ।
ਇਹ ਅਜ਼ਮਤ ਹੈ ਨਾਮ ਹਮਾਰੇ।
ਕਹੈ ਜਿ ਹੁਇ ਨ ਪ੍ਰਤੀਤ ਤੁਮਾਰੇ।

ਔਰੰਗਜ਼ੇਬ ਦੇ ਨਾਂ ਤੇ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਸੁਣਾਇਆ ਗਿਆ। ਸ਼ਹਿਰ ਵਿੱਚ ਢੰਡੋਰਾ ਪਿਟਵਾ ਦਿੱਤਾ ਗਿਆ। ਸਖ਼ਤ ਪਹਿਰਿਆਂ ਵਿੱਚ ਆਪ ਜੀ ਨੂੰ ਪਿੰਜਰੇ ਵਿੱਚੋਂ ਬਾਹਰ ਕੱਢਿਆ ਗਿਆ। ਸਮਾਣੇ ਦੇ ਜੱਲਾਦ ਜਲਾਲ-ਉਦ-ਦੀਨ ਨੇ ਤਲਵਾਰ ਤਿੱਖੀ ਕਰ ਲਈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਗੁਰੂ ਜੀ ਨੇ ਖੂਹ ਤੋਂ ਇਸ਼ਨਾਨ ਕੀਤਾ। ਕਾਜ਼ੀ ਦੇ ਦੁਬਾਰਾ ਸ਼ਰਤਾਂ ਰੱਖਣ ਤੇ ਗੁਰੂ ਜੀ ਬਚਨ ਕੀਤਾ, "ਰਾਖਹਿੰਗੇ ਨਿਜ ਧਰਮ, ਨ ਹਾਰੈਂ।" ਗੁਰੂ ਜੀ ਨੂੰ ਥੜੇ ਉੱਤੇ ਬਿਠਾਇਆ ਗਿਆ। ਜੱਲਾਦ ਤਲਵਾਰ ਲੈ ਕੇ ਜਦ ਸਾਹਮਣੇ ਆਇਆ। ਰੱਬੀ ਰੰਗ ਵਿੱਚ

ਰੱਤੀ ਰੂਹ ਦੇ ਮਸਤਕ ਦਾ ਜਲਾਲ ਝੱਲਿਆ ਨਹੀਂ ਸੀ ਜਾ ਰਿਹਾ। ਇੰਜ ਲੱਗਦਾ ਸੀ ਜਿਵੇਂ ਜੱਲਾਦ ਅਤੇ ਉਸਦੀ ਤਲਵਾਰ ਦੋਵੇਂ ਕੰਬ ਰਹੇ ਹੋਣ। ਸਤਿਗੁਰੂ ਜੀ ਨੇ ਰੰਗ ਰੱਤੇ ਨੈਣ ਉੱਪਰ ਉਠਾਏ। ਇਉਂ ਜਾਪਦਾ ਸੀ ਜਿਵੇਂ ਆਪ ਤਲਵਾਰ ਨਾਲ ਗੱਲਬਾਤ ਕਰ ਰਹੇ ਹੋਣ:-

ਤੱਕ ਤੇਗ ਬਹਾਦਰ ਨੂੰ ਤੇਗ ਕੰਬੀ,
ਝੁਕ ਗਿਆ ਜੱਲਾਦ ਸਤਿਕਾਰ ਦੇ ਨਾਲ।
ਚੜ੍ਹੀਆਂ ਜਿੱਤ ਦੀਆਂ ਲਾਲੀਆਂ ਜ਼ਿੰਦਗੀ ਨੂੰ,
ਮੌਤ ਹਾਰ ਗਈ ਹੌਸਲਾ ਹਾਰ ਦੇ ਨਾਲ।
ਹੋ ਗਿਆ ਕਸ਼ਮੀਰ ਦਾ ਭਾਰ ਹੌਲਾ,
ਦਿੱਲੀ ਡੋਲ ਗਈ ਜ਼ੁਲਮ ਦੇ ਭਾਰ ਦੇ ਨਾਲ।
ਝਿੱਸੀ ਖਾਂਦਿਆਂ ਤੇਗ ਨੂੰ ਵੇਖ ਕੇ ਤੇ,
ਪੁਤਲਾ ਪਿਆਰ ਦਾ ਬੋਲਿਆ ਪਿਆਰ ਦੇ ਨਾਲ।
ਪੂਣੀ ਵਾਂਗ ਬੱਗਾ ਤੇਰਾ ਰੰਗ ਹੋਇਆ,
ਤੱਕ ਕੇ ਲਹੂ ਮੇਰਾ ਜੇ ਤੂੰ ਹਰਖਣਾ ਏ।
ਤਾਂ ਸਿਦਕ ਮੇਰੇ ਗੋਬਿੰਦ ਦੇ ਬੱਚਿਆਂ ਦਾ,
ਤੇਗੇ ਕਮਲੀਏ ਦੱਸ ਕਿਸ ਪਰਖਣਾ ਏ?
(ਕਰਤਾਰ ਸਿੰਘ ਬਲੱਗਣ)

ਜੱਲਾਦ ਨੇ ਤੇਗ ਚਲਾਈ ਪਰ ਉਹ ਇੱਕ ਅਜੀਬ ਕੌਤਕ ਦੇਖ ਰਿਹਾ ਸੀ, ਤਲਵਾਰ ਡੋਲ ਗਈ, ਵਾਰ ਖਾਲੀ ਗਿਆ ਪਰ ਸੀਸ ਨੂੰ ਧੜ ਤੋਂ ਅਲੱਗ ਦੇਖਿਆ ਗਿਆ।

ਤੇਗ ਬੇਗ ਜਲਾਦ ਉਠਾਯੋ,
ਧਰ ਤੇ ਸਿਰ ਨਜਾਰਾ ਦਰਸਾਯੋ।
ਬਾਰ ਗਯੋ ਖਾਲੀ ਤਿਸ ਕੇਰਾ।
ਮਾਚਜੋ ਹਾ ਹਾ ਕਾਰ ਬਧੇਰਾ।
(ਗਿਆਨੀ ਗਿਆਨ ਸਿੰਘ)

ਸਾਕਾ ਵਰਤ ਚੁੱਕਾ ਸੀ। ਇਕਦਮ ਹਨੇਰੀ ਤੂਫਾਨ ਗਰਦ ਗੁਬਾਰ ਉੱਠਿਆ। ਹਾਹਾ ਕਾਰ ਮੱਚ ਗਈ, ਕਿਸੇ ਨੂੰ ਕੁੱਝ ਦਿਖਾਈ ਨਹੀਂ ਦਿੰਦਾ। ਦਿੱਲੀ ਦਹਿਲ ਰਹੀ ਸੀ। ਕੁੱਝ ਸਮਝ ਨਹੀਂ ਸੀ ਆ ਰਿਹਾ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਏਸੇ ਗਰਦ ਗੁਬਾਰ ਵਿੱਚ ਭਾਈ ਜੈਤਾ ਨੇ ਗੁਰੂ ਜੀ ਦਾ ਸੀਸ ਉਠਾ ਲਿਆ। ਸੀਸ ਲੈ ਕੇ ਤਤਛਿਨ ਆਨੰਦਪੁਰ ਨੂੰ ਤੁਰ ਪਿਆ। ਰਾਹ ਵਿੱਚ ਬਾਗ ਪੱਟ, ਤਰਾਉੜੀ, ਅੰਬਾਲਾ, ਨਾਡਾ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਪੰਜ ਥਾਈਂ ਪੜਾਅ ਕੀਤੇ।

ਸੀਸ ਲੈ ਕੇ ਪਹੁੰਚਣ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਪਿਆਰ ਅਤੇ ਸਤਿਕਾਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰੇ, ਜੋ ਇੱਕ ਸਰਕਾਰੀ ਠੇਕੇਦਾਰ ਸੀ, ਨੇ ਆਪਣੇ ਘਰ ਵਿੱਚ ਰੱਖ ਕੇ, ਭਰੇ-ਭਕੁੰਨੇ ਘਰ ਨੂੰ ਅੱਗ ਲਾ ਕੇ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰੱਖਿਆ ਲਈ ਆਪਣੇ ਤਨ ਦਾ ਠੀਕਰਾ ਦਿਲੀ-ਪਤਿ ਔਰੰਗਜ਼ੇਬ ਦੇ ਸਿਰ ਭੰਨ ਕੇ 11 ਨਵੰਬਰ 1675 ਈ. (ਮੱਘਰ ਸੁਦੀ ਪੰਚਮੀ 1732 ਬਿ.) ਨੂੰ ਜਾਮੇ ਸ਼ਹਾਦਤ ਪੀ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤ੍ਰ ਵਾਕ ਹਨ:-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥
ਦੋਹਰਾ॥
ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰਿ ਕਿਯਾ ਪਯਾਨ॥
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥

[1]ਕ੍ਰਿਪਾ ਰਾਮ ਜੀ ਬਾਰੇ ਭੱਟ ਵਹੀਆਂ ਵਿੱਚ ਦਰਜ ਹੈ:-
ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ, ਪੋਤਾ ਨਾਰਾਇਣ ਦਾਸ ਕਾ, ਪੜਪੋਤਾ [+]ਬ੍ਰਹਮ ਦਾਸ ਕਾ। ਬੰਸ ਠਾਕਰ ਦਾਸ ਕਾ, ਭਾਰਦਵਾਜ ਗੋਤ, ਸਾਰ ਸੁਤ ਦੱਤ ਬ੍ਰਾਹਮਣ, ਵਾਸੀ ਮਟਨ ਪਰਗਣਾ ਸ੍ਰੀਨਗਰ ਦੇਸ਼ ਕਸ਼ਮੀਰ

**+** (ਬ੍ਰਹਮਦਾਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਗਿਆਨ ਬਖਸ਼ ਕੇ ਨਿਹਾਲ ਕੀਤਾ ਸੀ)

[2]ਭੱਟ ਵਹੀ ਮੁਲਤਾਨੀ ਸਿੰਧੀ ਵਿੱਚ ਆਪ ਦੇ ਖਾਨਦਾਨ ਬਾਰੇ ਲਿਖਿਆ ਹੈ:- ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਨੰਦ ਕੇ, ਪੋਤੇ ਲੱਖੀ ਦਾਸ ਕੇ, ਪੜਪੋਤੇ ਪਿਰਾਗਾ ਕੇ, ਬੰਸ ਗੋਤਮ ਕਾ ਸਾਰਸੁਤੀ ਭਾਗਵਤ, ਗੋਤਰੇ ਛਿੱਬਰ ਬ੍ਰਾਹਮਣ।

**-ਸ੍ਰੀ ਭੈਣੀ ਸਾਹਿਬ**
**ਸੰਪ: 94632-46448**

# ਸਤਿਗੁਰੂ ਜਗਜੀਤ ਸਿੰਘ ਜੀ ਹੋਏ ਬ੍ਰਹਮਲੀਨ

✍- ਵਿਜੇ ਕੁਮਾਰ

**(ਨੋਟ: 13 ਦਸੰਬਰ 2012 ਈ: ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੇ ਸ੍ਰੀ ਵਿਜੇ ਕੁਮਾਰ ਚੋਪੜਾ ਜੀ ਦਾ 'ਜਗ ਬਾਣੀ' ਵਿੱਚ ਲਿਖਿਆ ਸੰਪਾਦਕੀ ਲੇਖ ਮੁੜ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਅਧਿਆਤਮਕ ਰਹਿਨੁਮਾ ਹੀ ਨਹੀਂ ਸਨ ਸਗੋਂ ਆਪ ਨੇ ਸਰਬ-ਪੱਖੀ ਵਿਕਾਸ ਅਤੇ ਸਮਾਜ ਸਿਰਜਣਾ ਵਿੱਚ ਅਨੇਕਾਂ ਮੀਲ ਪੱਥਰ ਗੱਡੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਖਸ਼ੀਅਤ ਦੇ ਅਨੇਕਾਂ ਪਹਿਲੂਆਂ ਨੂੰ ਰੂਪਮਾਨ ਕਰਦਾ ਹੈ ਸ੍ਰੀ ਵਿਜੇ ਕੁਮਾਰ ਜੀ ਦਾ ਇਹ ਸੰਖੇਪ ਲੇਖ।)**

ਦੇਸ਼ਭਗਤ ਨਾਮਧਾਰੀ ਸਿੱਖ ਸਮਾਜ ਦਾ ਬੜਾ ਮਾਣਮੱਤਾ ਇਤਿਹਾਸ ਰਿਹਾ ਹੈ । ਆਜ਼ਾਦੀ ਦੀ ਲੜਾਈ ਦੌਰਾਨ ਭਾਰਤ ਵਿੱਚ 1870 ਦੇ ਦਹਾਕੇ 'ਚ ਨਾਮਧਾਰੀ ਸਿੱਖਾਂ ਨੇ ਅੰਗਰੇਜ਼ਾਂ ਵਿਰੁੱਧ ਡਟ ਕੇ ਲੋਹਾ ਲਿਆ। ਮਲੇਰਕੋਟਲਾ 'ਚ 1872 ਵਿੱਚ 66 ਨਾਮਧਾਰੀਆਂ ਨੂੰ ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਤੇ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ।

ਸਤਿਗੁਰੂ ਰਾਮ ਸਿੰਘ (ਪ੍ਰਕਾਸ਼ 1816 ਈ:) ਨੇ ਆਜ਼ਾਦੀ ਦੀ ਲੜਾਈ 'ਚ ਮਹਾਨ ਯੋਗਦਾਨ ਪਾਇਆ। ਉਨ੍ਹਾਂ ਤੋਂ ਬਾਅਦ ਸਤਿਗੁਰੂ ਹਰੀ ਸਿੰਘ (1819-1906) ਅਤੇ ਸਤਿਗੁਰੂ ਪ੍ਰਤਾਪ ਸਿੰਘ (1890-1959) ਨੇ ਨਾਮਧਾਰੀ ਸਮਾਜ ਦੀ ਅਗਵਾਈ ਕੀਤੀ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਾਗਡੋਰ ਸੰਭਾਲੀ, ਜੋ 13 ਦਸੰਬਰ 2012 ਨੂੰ ਸ਼ਾਮ 6.28 ਵਜੇ 93 ਸਾਲ ਦੀ ਉਮਰ 'ਚ ਸਰੀਰ ਛੱਡ ਗਏ । ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਸਤਿਗੁਰੂ ਪ੍ਰਤਾਪ ਸਿੰਘ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਘਰ 22 ਨਵੰਬਰ 1920 ਨੂੰ ਸ੍ਰੀ ਭੈਣੀ ਸਾਹਿਬ ਚ ਹੋਇਆ ਸੀ ਜੋ ਅੱਜ ਦੁਨੀਆਂ 'ਚ ਅਧਿਆਤਮਿਕਤਾ ਦਾ ਕੇਂਦਰ ਬਣ ਚੁੱਕਾ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਸਤਿਗੁਰੂ ਜਗਜੀਤ ਸਿੰਘ ਦੇ ਅਧਿਆਤਮਿਕ ਗੁਰੂ ਸਨ ਅਤੇ ਉਸ ਜ਼ਮਾਨੇ 'ਚ ਉਨ੍ਹਾਂ ਦੇ ਨਿਵਾਸ ਸਥਾਨ ਨੂੰ ਅੰਗਰੇਜ਼ਾਂ ਨੇ ਜੇਲ ਵਿੱਚ ਬਦਲਿਆ ਹੋਇਆ ਸੀ।

ਬਹੁਤ ਘੱਟ ਬੋਲਣ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਨੇ 21 ਅਗਸਤ 1959 ਨੂੰ ਗੱਦੀ ਸੰਭਾਲੀ । ਸਮਾਜ ਵਿੱਚ ਕਈ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਕਾਰਨ ਉਨ੍ਹਾਂ ਨੇ ਮਸ਼ਹੂਰੀ ਹਾਸਲ ਕੀਤੀ । ਵਿਆਹ ਸਮਾਰੋਹਾਂ ਨੂੰ ਸਾਦਗੀ ਨਾਲ ਨਾਮਧਾਰੀ ਧਰਮਸ਼ਾਲਾਵਾਂ 'ਚ ਕਰਵਾਉਣ ਦੀ ਰੀਤ ਸ਼ੁਰੂ ਕਰਨ ਦਾ ਸਿਹਰਾ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਜਾਂਦਾ ਹੈ ।

ਗਰੀਬਾਂ ਅਤੇ ਦੀਨ-ਦੁਖੀਆਂ ਦੇ ਮਸੀਹਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਸ਼ੇ, ਦਾਜ, ਕੰਨਿਆਂ ਭਰੂਣ ਹੱਤਿਆ ਆਦਿ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ 'ਚ ਵੀ ਮਹੱਤਵਪੂਰਨ ਯੋਗਦਾਨ ਦਿੱਤਾ । ਉਹ ਅਨਾਜ ਦਾ ਇਕ ਵੀ ਦਾਣਾ ਬਰਬਾਦ ਕਰਨ ਦੇ ਵਿਰੁੱਧ ਸਨ। ਉਹ ਤਿਉਹਾਰਾਂ 'ਤੇ ਪਟਾਕੇ ਨਾ ਚਲਾਉਣ, ਧਰਮ ਸਥਾਨਾਂ 'ਤੇ ਲਾਊਡ ਸਪੀਕਰਾਂ ਦਾ ਇਸਤੇਮਾਲ ਨਾ ਕਰਨ ਅਤੇ ਬਹੁਤ ਸਾਦਗੀ ਭਰੀ ਜ਼ਿੰਦਗੀ ਜਿਉਣ ਦੇ ਹੱਕ 'ਚ ਸਨ ।

ਉਨ੍ਹਾਂ ਨੇ ਸਿੱਖਿਆ, ਵਾਤਾਵਰਣ ਦੀ ਸੁਰੱਖਿਆ, ਖੇਤੀ, ਸੰਗੀਤ ਦੇ ਨਾਲ-ਨਾਲ ਖੇਡਾਂ ਨੂੰ ਵੀ ਉਤਸ਼ਾਹਿਤ ਕੀਤਾ । ਹਾਕੀ ਨੂੰ ਲੋਕਪ੍ਰਿਯ ਬਣਾਉਣ 'ਚ ਉਨ੍ਹਾਂ ਵਲੋਂ ਸਥਾਪਿਤ ਭੈਣੀ ਸਾਹਿਬ ਅਕੈਡਮੀ ਦਾ ਬਹੁਤ ਯੋਗਦਾਨ ਹੈ, ਜਿਸ ਨੇ ਦੇਸ਼ ਨੂੰ ਕਈ ਓਲੰਪੀਅਨ ਦਿੱਤੇ । ਗੁਰੂ ਜੀ ਨੂੰ ਸੰਗੀਤ ਨਾਲ ਬਹੁਤ ਲਗਾਅ ਸੀ । ਉਹ ਖੁਦ ਦਿਲਰੁਬਾ ਵਜਾਉਣ ਚ ਮਾਹਿਰ ਸਨ। ਉਨ੍ਹਾਂ ਨੇ ਭੈਣੀ ਸਾਹਿਬ 'ਚ ਬੱਚਿਆਂ ਲਈ ਪ੍ਰੰਪਰਿਕ ਸਿੱਖਿਆ ਦੀ ਵਿਵਸਥਾ ਕੀਤੀ। ਰਬਾਬ, ਦਿਲਰੁਬਾ, ਸਾਰੰਗੀ, ਸੰਤੂਰ ਅਤੇ ਸਿਤਾਰ ਆਦਿ ਨੂੰ ਲੋਕਪ੍ਰਿਯ ਬਣਾਉਣ 'ਚ ਯੋਗਦਾਨ ਦਿੱਤਾ ਅਤੇ ਦੇਸ਼ ਵਿਦੇਸ਼ 'ਚ ਪ੍ਰੰਪਰਿਕ ਸੰਗੀਤ ਦੇ ਕਈ ਸੰਮੇਲਨ ਵੀ ਕਰਵਾਏ ।

ਵਿਦੇਸ਼ਾਂ 'ਚ ਵਸੇ ਨਾਮਧਾਰੀ ਸਮਾਜ ਦੇ ਸ਼ਰਧਾਲੂਆਂ ਨੂੰ ਸੰਬੋਧਿਤ ਕਰਨ ਉਹ ਅਕਸਰ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਥਾਈਲੈਂਡ ਆਦਿ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ ਜਾਂਦੇ ਰਹਿੰਦੇ ਸਨ ਅਤੇ ਅੱਜ ਉਨ੍ਹਾਂ ਦੀਆਂ ਪੈੜਾਂ 'ਤੇ ਚੱਲ ਕੇ ਨਾਮਧਾਰੀ ਸਮਾਜ ਦੇਸ਼ ਦੇ ਆਰਥਿਕ ਸੁਧਾਰ 'ਚ ਅਹਿਮ ਯੋਗਦਾਨ ਪਾ ਰਿਹਾ ਹੈ ।

ਪੰਜਾਬ ਕੇਸਰੀ ਪਰਿਵਾਰ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਖਾਸ ਪਿਆਰ ਰਿਹਾ ਹੈ । ਪੂਜਨੀਕ ਪਿਤਾ ਲਾਲਾ ਜਗਤ ਨਾਰਾਇਣ ਜੀ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਸ਼ੇਸ਼ ਮੋਹ ਸੀ ਅਤੇ ਉਹ ਸਾਡੇ ਘਰ ਵੀ ਇੱਕ ਵਾਰ ਆਏ ਸਨ।

ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਜਦ ਕਦੇ ਜਲੰਧਰ ਪਧਾਰਦੇ ਤਾਂ ਮੈਨੂੰ ਵੀ ਉਨ੍ਹਾਂ ਦੇ ਦਰਸ਼ਨਾਂ ਦਾ ਸੁਭਾਗ ਮਿਲਦਾ । ਮੈਂ ਉਨ੍ਹਾਂ ਦੇ ਹੈਡਕੁਆਟਰ ਭੈਣੀ ਸਾਹਿਬ ਵੀ ਗਿਆ ਸੀ। । ਉਨ੍ਹਾਂ ਨੇ ਮੈਨੂੰ ਆਪਣੀ ਗਊਸ਼ਾਲਾ ਦਿਖਾਈ । ਉਨ੍ਹਾਂ ਉਥੇ ਰੱਖੀਆਂ ਸਾਰੀਆਂ ਗਊਆਂ ਦੇ ਨਾਂ ਰੱਖੇ ਸਨ ਅਤੇ ਉਨ੍ਹਾਂ ਦਾ ਨਾਂ ਲੈ ਕੇ ਬੁਲਾਉਣ 'ਤੇ ਉਹ ਉਨ੍ਹਾਂ ਕੋਲ ਚਲੀਆਂ ਆਉਂਦੀਆਂ ਸਨ । ਇਸ ਤੋਂ ਬਾਅਦ ਉਹ ਮੈਨੂੰ ਆਪਣੇ ਸੰਗੀਤ ਕਮਰੇ 'ਚ ਲੈ ਗਏ, ਜਿਥੇ ਉਨ੍ਹਾਂ ਨੇ ਦੇਸ਼ ਦੇ ਸਾਰੇ ਵੱਡੇ-ਵੱਡੇ ਸੰਗੀਤਕਾਰਾਂ ਦੇ ਚਿੱਤਰ ਲਗਾਏ ਹੋਏ ਸਨ ।

ਕੁਝ ਸਾਲ ਪਹਿਲਾਂ ਜਦ ਸਤਿਗੁਰੂ ਜਗਜੀਤ ਸਿੰਘ ਜੀ ਬੀਮਾਰ ਪਏ ਤਾਂ ਮੈਂ ਉਨ੍ਹਾਂ ਦਾ ਹਾਲ-ਚਾਲ ਜਾਣਨ ਲਈ ਉਨ੍ਹਾਂ ਵਲੋਂ ਹੀ ਬਣਾਏ ਅਪੋਲੋ ਹਸਪਤਾਲ ਗਿਆ ਸੀ, ਪਰ ਉਨ੍ਹਾਂ ਦੇ ਆਈ.ਸੀ.ਯੂ. 'ਚ ਹੋਣ ਕਾਰਣ ਮੈਂ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸਕਿਆ ।

ਪਿਛਲਾ ਇਕ ਸਾਲ ਸਾਡੇ ਲਈ ਬਹੁਤ ਦੁੱਖ ਭਰਿਆ ਰਿਹਾ ਅਤੇ ਅਸੀਂ ਕਈ ਮੰਨੀਆਂ ਪ੍ਰਮੰਨੀਆਂ ਹਸਤੀਆਂ ਸ਼ੰਮੀ ਕਪੂਰ, ਜਗਜੀਤ ਸਿੰਘ, ਦੇਵ ਆਨੰਦ, ਰਾਜੇਸ਼ ਖੰਨਾ, ਦਾਰਾ ਸਿੰਘ, ਯਸ਼ ਚੋਪੜਾ, ਇੰਦਰ ਕੁਮਾਰ ਗੁਜਰਾਲ ਅਤੇ ਪੰਡਿਤ ਰਵੀਸ਼ੰਕਰ ਤੋਂ ਬਾਅਦ ਹੁਣ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਨੂੰ ਵੀ ਗੁਆ ਦਿੱਤਾ ।

ਸਤਿਗੁਰੂ ਜਗਜੀਤ ਸਿੰਘ ਦਾ ਚਲੇ ਜਾਣਾ ਸਿਰਫ ਨਾਮਧਾਰੀ ਸਮਾਜ ਲਈ ਹੀ ਨਹੀਂ ਸਗੋਂ ਪੰਜਾਬ ਅਤੇ ਪੂਰੇ ਦੇਸ਼ ਲਈ ਬਹੁਤ ਵੱਡਾ ਨੁਕਸਾਨ ਹੈ । ਅਸੀਂ ਇਕ ਅਜਿਹਾ ਮਾਰਗਦਰਸ਼ਕ ਗੁਆ ਦਿੱਤਾ ਹੈ, ਜਿਸ ਨੇ ਅਧਿਆਤਮਿਕਤਾ ਦੇ ਖੇਤਰ 'ਚ ਨਹੀਂ, ਸਮਾਜਿਕ ਅਤੇ ਨੈਤਿਕ ਸੁਧਾਰ ਦੀ ਦਿਸ਼ਾ 'ਚ ਵੀ ਅੱਗੇ ਵਧਣ ਲਈ ਲੋਕਾਂ ਨੂੰ ਪ੍ਰੇਰਤ ਕਰਨ 'ਚ ਸ਼ਲਾਘਾਯੋਗ ਯੋਗਦਾਨ ਦਿੱਤਾ।

**ਵਿਜੇ ਕੁਮਾਰ ਜੱਗ ਬਾਣੀ, ਜਲੰਧਰ**

**.....ਬਾਕੀ ਸਫ਼ੇ 13 ਦੀ** **(ਮਹਾਨ ਸ਼ਹੀਦ....)**

ਕਿਸੇ ਅੱਗੇ ਜਾ ਕੇ ਸਿਰ ਨਹੀਂ ਝੁਕਾਉਣਾ, ਗੱਜ ਕੇ ਫਤਹਿ ਬੁਲਾਉਣੀ, ਆਪਣਾ ਧਰਮ ਨਹੀਂ ਛੱਡਣਾ, ਕਿਸੇ ਪ੍ਰਕਾਰ ਦੇ ਵੀ ਲਾਲਚ ਵਿਚ ਨਹੀਂ ਆਉਣਾ, ਕਿਤੇ ਪਿਉ-ਬਾਬੇ ਦੀ ਪੱਗ ਨੂੰ ਲਾਜ ਨਾ ਲੱਗੇ ! ਸਾਹਿਬਜ਼ਾਦਿਆਂ ਨੇ ਜਾਨਾਂ ਕੁਰਬਾਨ ਤਾਂ ਕਰ ਦਿੱਤੀਆਂ, ਨੀਹਾਂ ਵਿਚ ਤਾਂ ਚਿਣੇ ਗਏ ਪਰ ਇਸਲਾਮ ਕਬੂਲ ਨਾ ਕੀਤਾ। ਇਹ ਸੀ ਦਾਦੀ ਮਾਂ ਗੁਜਰੀ ਜੀ ਦੀ ਸਿੱਖਿਆ ਉਪਦੇਸ਼ ਦਾ ਚਮਤਕਾਰ। ਬੱਚਿਆਂ ਦੀ ਸ਼ਹੀਦੀ ਸੁਣ ਕੇ ਮਾਤਾ ਜੀ ਨੇ ਨਿਰੰਕਾਰ ਦਾ ਸ਼ੁਕਰਾਨਾ ਕੀਤਾ, ਆਪਣੇ ਸਮਾਧੀ ਰੂਪ ਵਿਚ ਬਿਰਾਜਮਾਨ ਹੋ ਗਏ ਅਤੇ ਆਪਣੇ ਪ੍ਰਾਣ ਤਿਆਗ ਦਿੱਤੇ।

ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ, ਤਿੰਨਾਂ ਦਾ ਇਕੱਠਿਆਂ ਹੀ ਸਸਕਾਰ, ਗੁਰਦੁਆਰਾ ਸਾਹਿਬ ਜੋਤੀ ਸਰੂਪ ਵਾਲੀ ਥਾਂ, ਫਤਹਿਗੜ੍ਹ ਸਾਹਿਬ (ਸਰਹਿੰਦ) ਵਿਖੇ 28 ਦਸੰਬਰ, 1704 ਈ. ਨੂੰ ਕੀਤਾ ਗਿਆ।

ਨਿਰਸੰਦੇਹ ਮਾਤਾ ਗੁਜਰੀ ਜੀ ਵਰਗੀ ਅਮਰ ਸ਼ਹੀਦ ਅਤੇ ਲਾਸਾਨੀ ਕੁਰਬਾਨੀ ਵਾਲੀ ਮਹਾਨ ਸ਼ਖ਼ਸੀਅਤ ਦੁਨੀਆਂ ਭਰ ਦੇ ਇਤਿਹਾਸ ਵਿਚ ਕਿਤੇ ਵੀ ਨਜ਼ਰ ਨਹੀਂ ਆਉਂਦੀ ਜੋ ਆਪਣਾ ਆਪ, ਆਪਣਾ ਸਾਰਾ ਖਾਨਦਾਨ ਅਰਥਾਤ ਪਤੀ, ਪੁੱਤਰ ਪੋਤਰੇ, ਭਰਾ ਅਤੇ ਨਦੋਤਰੇ ਦੇਸ਼-ਧਰਮ ਹਿੱਤ ਕੁਰਬਾਨ ਕਰਵਾ ਕੇ ਪ੍ਰਭੂ-ਭਾਣੇ ਵਿਚ ਅਡੋਲ ਰਹੀ ਹੋਵੇ।

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

# ਸ੍ਰੀ ਸਤਿਗੁਰੂ ਰਾਮ ਸਿੰਘ ਚੇਅਰ
## ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਬਠਿੰਡਾ ਵਿਖੇ ਸੈਮੀਨਾਰ ਦੀਆਂ ਝਲਕੀਆਂ:





ਵੀ.ਸੀ ਪ੍ਰੋ.ਆਰ. ਕੇ. ਕੋਹਲੀ ਤੇ ਡਾ.ਐਸ. ਪੀ. ਸਿੰਘ ਆਦਿ
ਪ੍ਰਦਰਸ਼ਨੀ ਵੇਖਦੇ ਹੋਏ।




ਵੀ.ਸੀ ਪ੍ਰੋ.ਆਰ. ਕੇ. ਕੋਹਲੀ ਤੇ ਹੋਰ
ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਸੈਮੀਨਾਰ ਦੌਰਾਨ ਸੰਬੋਧਿਤ ਕਰਦੇ ਹੋਏ।



ਪ੍ਰੋ. ਗੁਰਿੰਦਰ ਸਿੰਘ ਮਾਨ ਪ੍ਰਜ਼ੈਂਟੇਸ਼ਨ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਵੀ.ਸੀ. ਪ੍ਰੋ. ਆਰ. ਕੇ. ਕੋਹਲੀ ਜੀ
ਨੂੰ ਆਸ਼ੀਰਵਾਦ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਡਾ.ਜਗਜੀਤ ਸਿੰਘ ਰਜਿਸਟਰਾਰ ਨੂੰ
ਆਸ਼ੀਰਵਾਦ ਦਿੰਦੇ ਹੋਏ, ਨਾਲ ਡਾ.ਕੁਲਦੀਪ ਸਿੰਘ।



ਸ੍ਰੀ ਸਤਿਗੁਰੂ ਜੀ ਡਾ.ਕੁਲਦੀਪ ਸਿੰਘ (ਮੁਖੀ ਸਤਿਗੁਰੂ ਰਾਮ ਚੇਅਰ,ਸੈਂਟਰਲ ਯੂਨੀ.ਬਠਿੰਡਾ) ਨੂੰ ਆਸ਼ੀਰਵਾਦ ਦਿੰਦੇ ਹੋਏ।



ਡਾ.ਕੁਲਦੀਪ ਸਿੰਘ, ਡਾ.ਹਰਮਹਿੰਦਰ ਸਿੰਘ ਬੇਦੀ (ਵੀ.ਸੀ. ਸੈਂਟਰਲ ਯੂਨੀ. ਹਿਮਾਚਲ), ਡਾ. ਐਸ. ਪੀ. ਸਿੰਘ, ਵੀ. ਸੀ. ਆਰ. ਕੇ. ਕੋਹਲੀ, ਡਾ.ਹਰਪਾਲ ਸਿੰਘ ਪੰਨੂ।



ਸੈਮੀਨਾਰ ਦੌਰਾਨ ਹਾਜ਼ਰੀਨ ਪਤਵੰਤੇ ਸੱਜਣ।



ਸੈਂਟਰਲ ਯੂਨੀਵਰਸਿਟੀ ਬਠਿੰਡਾ ਦੀ ਇੱਕ ਖੋਜਾਰਥਣ ਬੀਬੀ ਸੁਰਿੰਦਰ ਸਿੰਘ ਮੀਤ ਪ੍ਰਧਾਨ,ਅਜੀਤ ਸਿੰਘ ਲਾਇਲ ਅਤੇ ਸੇਵਕ ਹਰਪਾਲ ਸਿੰਘ ਤੋਂ ਇੰਟਰਵਿਊ ਲੈਂਦੀ ਹੋਈ,।





ਵੱਖ-ਵੱਖ ਬੁਲਾਰੇ ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ।



ਮਸਤਾਨਗੜ੍ਹ (ਸਿਰਸਾ) ਵਿਖੇ ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਮੇਲਾ।



25 ਨਵੰਬਰ 2018: ਲੁਧਿਆਣਾ ਵਿਖੇ ਸ਼ਹੀਦੀ ਮੇਲੇ ਦਾ ਦ੍ਰਿਸ਼।



ਸੁਹੇਵਾ ਸਾਹਿਬ ਵਿਖੇ ਆਸਾ ਦੀ ਵਾਰ ਦੌਰਾਨ ਸ੍ਰੀ ਸਤਿਗੁਰੂ ਜੀ ਦਰਸ਼ਨ ਦਿੰਦੇ ਹੋਏ।



ਸ. ਸੁਖਦੇਵ ਸਿੰਘ ਸੁਹੇਵਾ ਸਾਹਿਬ ਵਾਲਿਆਂ ਨਾਲ ਸਤਿਗੁਰੂ ਜੀ ਬਚਨ ਕਰਦੇ ਹੋਏ।



ਹਰ ਸਾਲ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਸੇਵਾ ਕਰਨ ਵਾਲੇ ਰਣਜੀਤ ਸਿੰਘ ਲਸਾੜਾ ਅਤੇ ਕੁਲਵਿੰਦਰ ਸਿੰਘ ਲਸਾੜਾ ਸਤਿਗੁਰੂ ਜੀ ਦੀਆਂ ਖੁਸ਼ੀਆਂ ਲੈਂਦੇ ਹੋਏ।



ਡਾ. ਹਰਪਾਲ ਸਿੰਘ ਪੰਨੂ ਸਤਿਜੁਗ ਦਫ਼ਤਰ (ਸ੍ਰੀ ਭੈਣੀ ਸਾਹਿਬ) ਵਿਖੇ।

## ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ 550 ਵਾਂ ਪਕਾਸ਼ ਪੁਰਬ ਮੇਲੇ ਦੀਆਂ ਝਲਕੀਆਂ :

(ਸਥਾਨ: ਸ੍ਰੀ ਭੈਣੀ ਸਾਹਿਬ)





ਉਪਰੋਂ ਖੱਬੇ ਸ. ਕਰਤਾਰ ਸਿੰਘ ਪਹਿਲਵਾਨ, ਪ੍ਰੋ. ਬਲਵਿੰਦਰ ਪਾਲ ਸਿੰਘ, ਡਾ.ਹਰਪਾਲ ਸਿੰਘ ਪੰਨੂ, ਸ.ਜਸਵੰਤ ਸਿੰਘ ਅਮਨ, ਰਛਪਾਲ ਸਿੰਘ ਪਾਲ ਅਤੇ ਪ੍ਰੋ. ਅਵਤਾਰ ਸਿੰਘ ਨੂੰ ਸਤਿਗੁਰੂ ਜੀ ਸਿਰਪਾਓ ਬਖ਼ਸ਼ ਦੇ ਹੋਏ।



ਵੱਖ-ਵੱਖ ਬੁਲਾਰੇ ਮੇਲੇ ਦੌਰਾਨ ਸੰਬੋਧਨ ਕਰਦੇ ਹੋਏ।

# ਸਿਹਤ ਦੀ ਦੁਸ਼ਮਣ ਕੌਫੀ

✍- ਪੰਜਾਬੀ ਰੂਪਾਂਤਕ ਹਰਬੰਸ ਸਿੰਘ

ਕਾਫੀ ਦੇ ਰੋਜਾਨਾ ਤੇ ਅਧਿਕ ਸੇਵਨ ਨਾਲ ਅੰਤੜੀਆਂ ਵਿਚ ਹਾਈਡਰੋਲਿਕਏਸਿਜ ਜਿਆਦਾ ਪੈਦਾ ਹੁੰਦਾ ਹੈ ਨਤੀਜਾ ਪੇਟ ਜਖਮ ਤੇ ਅਲਸਰ ਹੋ ਜਾਂਦੇ ਹਨ।

ਕਾਫੀ ਦਾ ਸਾਡੇ ਦੇਸ਼ ਵਿਚ ਬਹੁਤ ਜਿਆਦਾ ਰਿਵਾਜ ਹੈ ਲੇਕਿਨ ਇਹ ਸਿਹਤ ਵਾਸਤੇ ਬਹੁਤ ਹੀ ਖਤਰਨਾਕ ਹੁੰਦੀ ਹੈ ਦਰ ਅਸਲ ਕਾਫੀ ਵਿਚ ਕੋਫੀਨ ਨਾਂ ਦਾ ਹਾਨੀਕਾਰਕ ਪਦਾਰਥ ਸਰੀਰ ਵਿਚ ਪਹੁੰਚ ਕੇ ਅਨੇਕ ਰੋਗ ਪੈਦਾ ਕਰਦਾ ਹੈ।

ਵਿਗਿਆਨਕਾਂ ਦਾ ਕਹਿਣਾ ਹੈ ਕਾਫੀ ਦੇ ਪੀਣ ਨਾਲ ਸਰੀਰ ਵਿਚ ਕਮਜੋਰੀ, ਦਿਲ ਦਾ ਜੋਰ ਨਾਲ ਧੜਕਣਾ, ਬਲਡ ਪ੍ਰੈਸ਼ਰ ਦਾ ਤੇਜ ਹੋਣਾ, ਬਦਹਜਮੀ, ਚਮੜੀ ਤੇ ਮਾਨਸਿਕ ਕਮਜੋਰੀ ਵਰਗੇ ਅਨੇਕਾਂ ਰੋਗ ਲੱਗ ਜਾਂਦੇ ਹਨ। ਨੀਂਦ ਨਾਂ ਆਉਣਾ, ਸਿਰ ਦਰਦ ਹੋਣਾ ਅਤੇ ਚੱਕਰ ਆਉਣੇ ਇਹ ਆਮ ਸ਼ਿਕਾਇਤਾਂ ਹੋ ਜਾਂਦੀਆਂ ਹਨ।

ਕਾਫੀ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਹ ਬਹੁਤ ਪੁਰਾਣਾ ਪੀਣ ਵਾਲਾ ਪਦਾਰਥ ਹੈ ਤਕਰੀਬਨ 5 ਸਦੀਆਂ ਪਹਿਲਾਂ ਅਫਰੀਕਾ ਦੇ ਦੇਸ਼ ਟਿਥੋਮੀਆ ਵਿਚ ਬੇਰ ਵਰਗੇ ਫਲ ਨੂੰ ਭੁੰਨਕੇ ਪੀਸਕੇ ਪੀਣ ਵਾਲਾ ਸਰਬਤ ਬਨਾਇਆ ਜਾਂਦਾ ਸੀ। ਜਿਸਨੂੰ ਕਫਕਾ ਕਿਹਾ ਜਾਂਦਾ ਸੀ।ਇਹ ਕਾਫੀ ਹੀ ਸੀ। ਅਰਬ ਦੇਸ਼ਾਂ ਵਿਚ ਜਦੋਂ ਕਾਫੀ ਪਹੁੰਚੀ ਤਾ ਉਸਨੂੰ ਕਾਹਵਾ ਕਿਹਾ ਜਾਣ ਲੱਗਾ ਕਾਹਵੇ ਤੋਂ ਕਾਫੀ ਦੇ ਨਾਮ ਦੀ ਤਬਦੀਲੀ ਹੋ ਗਈ। ਇਕ ਸਾਧੂ ਬਾਬਾ ਬੁਦਨ ਦੀ ਨਿਗਾਹ ਇਸ ਬੇਰ ਜੈਸੇ ਫਲ ਤੇ ਪਈ ਤਾਂ ਉਸਨੇ ਇਸਨੂੰ ਇਕ ਪਹਾੜ ਤੇ ਬੀਜਿਆ ਜੋ ਅਜਕਲ ਵੀ ਕਰਨਾਟਕ ਰਾਜ ਵਿਚ ਬਾਬਾ ਬੁਦਨ ਦੇ ਨਾਮ ਤੇ ਪਰਬਤ ਜਾਣਿਆ ਜਾਂਦਾ ਹੈ। ਇਥੋਂ ਹੀ ਛੋਟੀ ਪੈਦਾਵਾਰ ਤੇ ਕਾਫੀ ਭਾਰਤ ਵਿਚ ਸ਼ੁਰੂ ਹੋਈ।

ਸੰਨ 1674 ਵਿਚ ਇੰਗਲੈਂਡ ਦੀਆਂ ਔਰਤਾਂ ਨੇ ਕਾਫੀ ਦੇ ਵਿਰੁੱਧ ਇਕ ਜੋਰਦਾਰ ਦਰਖਾਸਤ ਦਿਤੀ ਉਨ੍ਹਾਂ ਔਰਤਾਂ ਦਾ ਵਿਚਾਰ ਸੀ ਕਿ ਕਾਫੀ ਦੀ ਵਰਤੋ ਨਾਲ ਆਦਮੀ ਵਿਚ ਸੰਤਾਨ ਉਤਪੰਨ ਕਰਨ ਵਾਲੀ ਸ਼ਕਤੀ ਮਰ ਜਾਂਦੀ ਹੈ।

ਕਈ ਸਾਲ ਪਹਿਲਾਂ ਕਈ ਵਿਗਿਆਨੀਆਂ ਦੇ ਤਜਰਬੇ ਸਾਹਮਣੇ ਆਏ। ਉਨਾਂ ਅਨੁਸਾਰ ਕਾਫੀ ਵਿਚ ਮੌਜੂਦ ਕੈਫੀਨ ਅੰਮੀਤ੍ਰਨ ਬੜੀਆਂ ਖਤਰਨਾਕ ਬੀਮਾਰੀਆਂ ਦੇ ਸਕਦਾ ਹੈ। ਸਰੀਰ ਵਿਚ ਪਹਿਲਾਂ ਤੋਂ ਲੱਗਾ ਦਿਲ ਦਾ ਰੋਗ ਤੇ ਕੈਂਸਰ ਨੂੰ ਕਾਫੀ ਗੰਭੀਰ ਸਥਿਤੀ ਵਿਚ ਲੈ ਜਾਂਦੀ ਹੈ। ਕੈਫੀਨ ਨਾਮਕ ਤਤਵ ਹੀ ਕਾਫੀ ਨੂੰ ਸਹਿਤ ਵਾਸਤੇ ਖਤਰਨਾਕ ਬਣੋਂਦਾ ਹੈ। ਮਿਥਿਆਈਲ ਇੰਥਾਈਨ ਨਾਂ ਦਾ ਸਰੀਰ ਵਿਚ ਉਤੇਜਨਾ ਪੈਦਾ ਕਰਨ ਵਾਲਾ ਤਤਵ ਕਾਫੀ, ਚਾਹ, ਕੋਕੇ ਅਤੇ ਕੋਲਾ ਦੇ ਬੀਜਾਂ ਵਿਚ ਕੁਦਰਤੀ ਤੌਰ ਤੇ ਹੁੰਦਾ ਹੈ।ਜਦ ਅਸੀਂ ਚਾਹ ਤੇ ਕਾਫੀ ਪੀਂਦੇ ਹਾਂ ਤਾਂ ਉਸ ਵਿਚ ਜਮਾ ਕੈਫੀਨ ਦੀ ਮਾਤਰਾ ਸਰੀਰ ਵਿਚ ਘੁਲ ਜਾਂਦੀ ਹੈ ਤੇ ਪੌਣੇ ਘੰਟੇ ਦੇ ਅੰਦਰ ਅੰਦਰ ਖੂਨ ਰਾਹੀਂ ਸਾਰੇ ਸਰੀਰ ਵਿਚ ਅਸਰ ਕਰਦੀ ਹੈ। ਜਿਸ ਨਾਲ ਆਦਮੀ ਦੀ ਮੌਤ ਵੀ ਹੋ ਸਕਦੀ ਹੈ। ਕੁਝ ਵਿਗਿਆਨੀਆਂ ਦਾ ਵਿਚਾਰ ਹੈ ਕਿ ਕਾਫੀ ਵਿਚ ਮੌਜੂਦ ਕੈਫੀਨ ਗੁਰਦੇ ਅਤੇ ਅੰਤੜੀਆਂ ਦਾ ਕੈਂਸਰ ਵੀ ਕਰ ਸਕਦਾ ਹੈ ਵਿਗਿਆਨੀਆਂ ਦੀ ਰਾਏ ਹੈ ਕਿ ਜੇ ਕੈਫੀਨ ਦੀ ਇਕ ਬੂੰਦ ਇਜੈਕਸ਼ਨ ਰਾਹੀਂ ਆਦਮੀ ਦੇ ਮਸਤਕ ਵਿਚ ਪਹੁੰਚਾ ਦਿੱਤੀ ਜਾਵੇ ਤਾਂ ਆਦਮੀ ਨੂੰ ਉਸ ਵਕਤ ਹੀ ਦੌਰੇ ਪੈਣੇ ਸ਼ੁਰੂ ਹੋ ਜਾਂਦੇ ਹਨ। ਦਿਲ ਦਾ ਰੋਗ ਤੇ ਪਾਗਲਪਨ ਦੀਆਂ ਬੀਮਾਰੀਆਂ ਪੈਦਾ ਹੋ ਸਕਦੀਆਂ ਹਨ।

ਕਾਫੀ ਦੇ ਰੋਜਾਨਾ ਤੇ ਅਧਿਕ ਪੀਣ ਨਾਲ ਅੰਤੜੀਆਂ ਵਿਚ ਹਾਈਡਰੋਕਲੋਰਿਨ ਏਸਿਡ ਜਿਆਦਾ ਗਿਣਤੀ ਵਿਚ ਹੁੰਦਾ ਹੈ ਨਤੀਜਾ ਪੇਟ ਵਿਚ ਜਖਮ ਤੇ ਅਲਸਰ ਹੋ ਜਾਂਦੇ ਹਨ।

ਕਾਫੀ ਪੀਣ ਨਾਲ ਨੁਕਸਾਨ ਹੀ ਨੁਕਸਾਨ ਹੈ 1711 ਵਿਚ ਇੰਗਲੈਂਡ ਦੀ ਰਾਣੀ ਐਲਿਜਬਿਥ ਨੇ ਆਪਣੀ ਭੈਣ ਨੂੰ ਪੱਤਰ ਲਿਖਿਆ ਸੀ ਕਿ ਮੈਨੂੰ ਬਹੁਤ ਹੀ ਦੁੱਖ ਹੋਇਆ ਕਿ ਤੂੰ ਕਾਫੀ ਦੀ ਵਰਤੋਂ ਕਰਦੀ ਹੈਂ ਦਰਅਸਲ ਕਾਫੀ ਵਰਗਾ ਕੋਈ ਨਹੀਂ ਹੈ ਇਸ ਤੋਂ ਕਈ ਕਠਿਨ ਰੋਗ ਹੋ ਜਾਂਦੇ ਹਨ। ਕਾਫੀ ਪੀਣ ਦੇ ਨਾਲ ਹੀ ਹੈਨਾਨ ਦੇ ਰਾਜਕੁਮਾਰ ਦੀ ਪਤਨੀ ਬਹੁਤ ਹੀ ਦੁੱਖ ਭੋਗ ਕੇ ਮਰੀ ਹੈ। ਉਸਦੀ ਮੌਤ ਤੋਂ ਬਾਦ ਜਿਆਦਾ ਮਾਤਰਾ ਵਿਚ ਉਸਦੇ ਪੇਟ ਵਿਚੋਂ ਕੈਫੀਨ ਮਿਲੀ ਹੈ ਕਾਫੀ ਇਕ ਜ਼ਹਿਰ ਹੈ ਇਸ ਲਈ ਇਸਤੋਂ ਸਾਵਧਾਨ ਰਹੋ ਤੇ ਕਾਫੀ ਦੇ ਨੁਕਸਾਨ ਦੇਖਦੇ ਹੋਏ ਇਸ ਤੋਂ ਦੂਰ ਹੀ ਰਹੋ।

# A SAGA OF
# SRI SATGURU JAGJIT SINGH JI

✍ –Dr. Sharada Jayagovind

Like the children of the villagers, Beant ji and Ballo ji had to wash their own clothes, make rotis, stitch clothes, sweep and clean the floor, take care of cows, buffaloes and horses.

Beant ji and friends used to often visit Sirhind Canal near Sri Bhaini Sahib for a swim. When hungry, they would come out of the waters and prepare large quantities of rotis and relish them.

Beant ji was very fond of cooking and feeding others. In the Vidyalya, the boys had to take turns to prepare food in the langar and when Beant ji's turn came he enjoyed this work of providing food to others.

Kundan Singh Nakai ji recollects that during those days, they used to cook food under a tamarind tree. Beant ji used to prepare langar neatly and swiftly. The day Beant ji was to prepare the langar he himself would clean the utensils, knead the flour, cook vegetables and bake rotis. He would serve the friends with great affection and warmth.

Once while Beant ji was preparing the langar, his friend, Nakai ji, was deputed to scare away the crows. After a while, a crow flew to perch on the tree and began cawing. Nakai ji threw a stone at the crow and the bird fell on the ground. Beant ji was pained at this and said:

"If the crow dies, it will be a great sin."

Just as he said that, the crow slowly rose to its feet, spread its wings and flew away.
With a great sense of relief, Nakai ji said:
"Look, the crow has flown away. It's not a sin anymore."
Beant ji was happy that the crow was unharmed.

As a young man, Beant ji was very energetic and fond of athletics and games. He was a swift runner and none of his friends could match his speed. He could ride a bicycle and a horse with equal skill and ease. Satguru Partap Singh ji, a skilled rider himself, admired and complimented Beant ji's skill in riding and controlling horses.

Beant ji had a playful side to his personality. Baba Lachman Singh Jati, one of the teachers at the Vidyalya, was visually impaired in one eye. One day he got very angry with the children and admonished them for some mischief they had committed in his class. As punishment, Beant ji and his friends had to sit like murgas for one period.

Squatting like a murga refers to the traditional way of punishment in a classroom where the student is made to bend forward and hold his ears and sit like a hen. When the entire class had turned into human "hens", Beant ji goaded a friend of his to slip out of the classroom. He thought that the teacher would not notice the boy go out because the teacher was blind in one eye. The friend who followed Beant ji's advice was caught by the teacher and received a good thrashing.

Beant ji enjoyed playing the game of hide-and-seek. He was very good at hiding and could not be found easily. But one day his friend Kundan Singh Nakai caught him. The room was dark. Beant ji pushed the friend down on the ground, beat him up and ran out of the room. He came out and sat on the platform of the well, pretending nothing had happened. After a couple of minutes, Kundan Singh Nakai came out of the kothi. He complained to Beant ji:

"I am quitting the game. I am not going to play any longer."

Very innocently, Beant ji asked him: "Why, what happened?"

Nakai said:

"There is a fellow with big biceps inside the room. When I caught him, he beat me up."

Beant ji consoled his friend that this would not happen again and that he would thrash that fellow if he troubled him again.

Later in life, when Beant ji became the Satguru, he would invite his childhood friends to Sri Bhaini Sahib and relive the happy memories. They used to accompany him during his travels and all of them have written memoirs sharing the precious time they spent with Beant ji.

When people beheld Beant ji as a child, they intuitively felt that he was cut out for a great destiny. Even though he grew up amidst the children of the kothi as one among them - eating the same food, sleeping on the reed mat, wearing white khadi clothes, many a time, the spark of divinity shone through him.

When Beant ji was a child, a Sikh asked him his name and he replied with the following verse indicating his divinity.

ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਐ॥

Agast adi je bade tapaspti bisekhiyay

Behold! All the distinguished and great ascetics including Agastya

ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ॥

Beant Beant Beant ko karant path pekhiyay

Are reciting the praises of the infinite, limitless Lord

**to be continue.......**

# ਕਾਵਿ-ਕਿਆਰੀ

**ਚਮਕੌਰ ਦੇ ਮੈਦਾਨ-ਏ-ਜੰਗ ਵਿੱਚ ਸਿੰਘਾਂ ਦਾ ਪਹਿਲਾ ਪੂਰ ਸ਼ਹੀਦੀ ਪਾ ਚੁੱਕਾ ਹੈ, ਦੂਜਾ ਤਿਆਰ ਹੈ, ਸਤਿਗੁਰਾਂ ਕੋਲੋਂ ਆਗਿਆ ਲੈ ਕੇ, ਉਹਨਾਂ ਦੀ ਬਖਸ਼ੀ ਤਲਵਾਰ ਹੱਥ ਵਿੱਚ ਫੜ ਕੇ ਸਾਹਿਬਜ਼ਾਦਾ ਅਜੀਤ ਸਿੰਘ ਦੂਜੇ ਜਥੇ ਨਾਲ ਕੱਚੇ ਕਿਲ੍ਹੇ ਵਿੱਚੋਂ ਬਾਹਰ ਆਉਂਦੇ ਹਨ।**

ਗੋਬਿੰਦ ਕੇ 'ਦਿਲਦਾਰ' ਕਿਲ੍ਹੇ ਸੇ ਨਿਕਲ ਆਏ
ਵੁਹ ਦੇਖੀਏ ਸਰਕਾਰ ਕਿਲ੍ਹੇ ਸੇ ਨਿਕਲ ਆਏ
ਘੋੜੇ ਪੈ ਹੋ ਅਸਵਾਰ ਕਿਲ੍ਹੇ ਸੇ ਨਿਕਲ ਆਏ
ਲੇ ਹਾਥ ਮੇਂ ਤਲਵਾਰ ਕਿਲ੍ਹੇ ਸੇ ਨਿਕਲ ਆਏ
ਕਿਆ ਵਸਫ਼ ਹੋ ਉਸ ਤੇ ਕਾ ਇਸ ਤੇਗ਼ ਜ਼ਬਾਂ ਸੇ।
ਵੁਹ ਮਿਆਂ ਸੇ ਨਿਕਲੀ ਨਹੀਂ ਨਿਕਲੀ ਯਿਹ 'ਦਹਾਂ' ਸੇ।

ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਕਿਲ੍ਹੇ ਵਿੱਚੋਂ ਬਾਹਰ ਆ ਗਏ। ਵੇਖੋ ਸਰਕਾਰ ਆਪ ਵੀ ਕਿਲ੍ਹਿਓਂ ਬਾਹਰ ਨਿਕਲ ਆਏ। ਘੋੜੇ ਉੱਤੇ ਸਵਾਰ ਹਨ ਤੇ ਹੱਥ ਵਿੱਚ ਤਲਵਾਰ ਹੈ। ਉਸ ਤਲਵਾਰ ਦੀ ਮੈਂ ਆਪਣੀ ਜ਼ੁਬਾਨ ਨਾਲ ਕੀ ਸਿਫ਼ਤ ਕਰਾਂ ਜਿਹੜੀ ਮਿਆਨ ਵਿੱਚ ਬਾਹਰ ਚਮਕ ਰਹੀ ਹੈ।

ਕਹਤੇ ਥੇ ਅਦੂ, "ਬਰਕ' ਹੈ, ਤਲਵਾਰ ਨਹੀਂ ਹੈ
ਇਸ ਕਾਟ ਕਾ ਦੇਖਾ ਕਭੀ ਹਥਿਆਰ ਨਹੀਂ ਹੈ।
"ਨੌ-ਮਸ਼ਕੂ ਜਵਾਂ ਯਿਹ ਕੋਈ ਜ਼ਿਹਾਰ ਨਹੀਂ ਹੈ।
ਸਤਿਗੁਰ ਹੈਂ ਯੇ ਫ਼ਰਜ਼ੀ ਵਫ਼ਾਦਾਰ ਨਹੀਂ ਹੈ
ਲਲਕਾਰੇ ਅਜੀਤ ਕੌਰ ਮੁਖ਼ਾਤਿਬ ਹੁਏ ਸਭ ਸੇ।
ਫੁਰਮਾਏ ਅਦੂ ਸੇ ਨ ਨਿਕਲੁ ਹੱਦ ਅਦਬ ਸੇ।

ਦੁਸ਼ਮਣ ਇਹ ਕਹਿ ਰਹੇ ਸਨ ਕਿ ਇਹ ਤਲਵਾਰ ਨਹੀਂ, ਬਿਜਲੀ ਹੈ। ਅਜਿਹੀ ਕਾਟ ਵਾਲਾ ਕੋਈ ਹਥਿਆਰ ਕਦੀ ਨਹੀਂ ਦੇਖਿਆ। ਇਹ ਨਵੇਂ ਸਿੱਖੇ ਹੋਏ ਸਿਖਾਂਦਰੂ ਨਹੀਂ ਹਨ। ਇਹ ਤਾਂ ਆਪ ਹੀ ਸਤਿਗੁਰੂ ਜੀ ਹਨ, ਉਨ੍ਹਾਂ ਦੇ ਵਫ਼ਾਦਾਰ ਪੁੱਤਰ ਨਹੀਂ ਹਨ, ਅਜੀਤ ਸਿੰਘ ਨੂੰ ਸੰਬੋਧਨ ਕਰਕੇ ਸਾਰਿਆਂ ਨੂੰ ਕਹਿਣ ਲੱਗੇ ਕਿ ਨਿਸ਼ਚਿਤ ਹੱਦ ਤੋਂ ਬਾਹਰ ਦੁਸ਼ਮਣ ਸਾਹਮਣੇ ਨਾ ਜਾਹ।

ਉਸ ਹਾਥ ਮੇਂ ਥੇ ਬਾਜ਼ੂਇ ਗੋਬਿੰਦ ਕੇ ਕਸ ਬਲ
ਫਰਜ਼ੰਦ ਕੀ ਤਲਵਾਰ ਸੇ ਥਰਰਾ ਗਏ ਜਲ ਥਲ
ਜ਼ਿੰਦੋਂ ਕਾ ਤੋ ਕਿਆ ਜ਼ਿਕਰ ਹੈ ਮੁਰਦੇ ਹੂਏ ਬੇਕਲ
ਸ਼ਮਸ਼ਾਨ ਮੇਂ ਥਾ ਸ਼ੋਰ ਮਜ਼ਾਰੋਂ ਮੇਂ ਥੀ ਹਲਚਲ
ਜਮਨਾ ਕੇ ਭੀ ਪਾਨੀ ਮੇਂ 'ਤਲਾਤਮ' ਬਪਾ ਥਾ।
ਗੰਗਾ ਕੇ ਭੀ ਜ਼ੱਰਰੋਂ ਮੇਂ ਅਜਬ ਜੋਸ਼ ਭਰਾ ਥਾ।

ਉਸ ਦੇ ਹੱਥਾਂ ਵਿੱਚ ਗੁਰੂ ਗੋਬਿੰਦ ਸਿੰਘ ਦੇ ਬਾਜੂਆਂ ਦੀ ਸ਼ਕਤੀ ਸੀ। ਗੁਰੂਪੁੱਤਰ ਦੀ ਤਲਵਾਰ ਨਾਲ ਜਲ ਤੇ ਥਲ ਕੰਬ ਉੱਠੇ। ਜਿਉਂਦਿਆਂ ਬਾਰੇ ਕੀ ਕਹੀਏ, ਮੁਰਦੇ ਵੀ ਬੇਚੈਨ ਹੋ ਉੱਠੇ। ਮੜੀਆਂ ਵਿੱਚ ਸ਼ੋਰ ਮਚ ਗਿਆ ਸੀ ਤੇ ਕਬਰਾਂ ਵਿੱਚ ਪਏ ਮੁਰਦੇ ਵੀ ਹਰਕਤ ਵਿੱਚ ਆ ਗਏ। ਯਮੁਨਾ ਨਦੀ ਦਾ ਪਾਣੀ ਉਛਲਣ ਲੱਗ ਪਿਆ ਸੀ ਤੇ ਗੰਗਾ ਦਰਿਆ ਦੇ ਰੇਤੇ ਦੇ ਕਿਣਕੇ ਕੁਰਲਾ ਉੱਠੇ ਸਨ।

ਸ਼ਹਿਜ਼ਾਦਾਇ 'ਜ਼ੀ ਜਾਹ' ਨੇ ਭਾਗੜ ਥੀ ਮਚਾ ਦੀ
ਯਹ ਫ਼ੌਜ ਭਗਾ ਦੀ ਕਬੀ ਵਹ ਫ਼ੌਜ ਭਗਾ ਦੀ
ਬੜ ਚੜਕੇ ਤਵੱਕੋ ਸੇ 'ਸ਼ੁਜਾਇਤ ਜੁ ਦਿਖਾ ਦੀ
ਸਤਿਗੁਰ ਨੇ ਵਹੀਂ ਕਿਲ੍ਹਾ ਸੇ ਬੇਟੇ ਕੋ 'ਨਦਾ' ਦੀ
ਸ਼ਾਬਾਸ਼ 'ਪਿਸਰ' ! ਖ਼ੂਬ ਦਲੇਰੀ ਸੇ ਲੜੇ ਹੋ।
ਹਾਂ, ਕਿਉਂ ਨ ਹੋ ਗੋਬਿੰਦ ਕੇ ਫ਼ਰਜ਼ੰਦ ਬੜੇ ਹੋ।

ਇਸ ਪ੍ਰਕਾਰ ਸਹਿਜ਼ਾਦੇ ਨੇ ਭਾਜੜਾਂ ਪੁਵਾਈਆਂ ਹੋਈਆਂ ਸਨ। ਕਦੀ ਇੱਕ ਪਾਸੇ ਦੀ ਤੇ ਕਦੀ ਦੂਜੇ ਪਾਸੇ ਦੀ ਫ਼ੌਜ ਉਸ ਨੇ ਭਜਾ ਦਿੱਤੀ। ਆਸ ਤੋਂ ਵੱਧ ਬਹਾਦਰੀ ਦਿਖਾਈ। ਕਿਲ੍ਹੇ ਵਿੱਚੋਂ ਬੇਟੇ ਨੂੰ ਸਤਿਗੁਰਾਂ ਨੇ ਹਾਕ ਮਾਰੀ ਕਿ ਪੁੱਤਰਾ ਸ਼ਾਬਾਸ਼! ਅੱਜ ਤੂੰ ਖ਼ੂਬ ਦਲੇਰੀ ਦਿਖਾਈ ਹੈ। ਦਿਖਾਉਂਦਾ ਵੀ ਕਿਉਂ ਨਾ, ਗੋਬਿੰਦ ਦਾ ਵੱਡਾ ਪੁੱਤਰ ਜੋ ਹੈਂ।

## ਛੋਟੇ ਸਾਹਿਬਜ਼ਾਦੇ ਦੀ ਸ਼ਹੀਦੀ (ਸੰਖੇਪਿਤ)

### ਵੱਡੇ ਵੀਰ ਦੀ ਸ਼ਹੀਦੀ ਤੋਂ ਬਾਅਦ ਪਿਤਾ ਜੀ ਕੋਲੋਂ ਜੰਗ ਵਿੱਚ ਜਾਣ ਦੀ ਆਗਿਆ ਲੈਣੀ

ਦਿਲਬੰਦ ਨੇ ਤਲਵਾਰ ਸੇ 'ਤਸਲੀਮ' ਬਜਾਈ
ਗਰਦਨ ਪਾਇ ਆਦਾਬ ਦਿਲਾਵਰ ਨੇ ਝੁਕਾਈ
ਇਸ ਵਕੂਫ਼ਾ ਮੇਂ ਫੌਜ 'ਸਿਤਮ-ਆਰਾ' ਉਮਡ ਆਈ
ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ
ਤਿਉਰਾ ਕੇ ਗਿਰੇ ਜ਼ੀਨ ਸੇ ਸਰਕਾਰ ਜ਼ਿਮੀਂ ਪਰ।
ਰੂਹ ਖੁਲਦ' ਗਈ ਔਰ ਤਨਿ-ਜ਼ਾਰ ਜ਼ਮੀਂ ਪਰ।

ਬਹਾਦਰ ਨੇ ਤਲਵਾਰ ਸਹਾਰੇ ਹੁਕਮ ਮੰਨਿਆ ਤੇ ਅਦਬ ਨਾਲ ਪੈਰਾਂ ਉੱਤੇ ਸਿਰ ਝੁਕਾਇਆ। ਇਸ ਸਮੇਂ ਵਿੱਚ ਹੀ ਜਾਬਰ ਫੌਜ ਚੜ੍ਹ ਕੇ ਆ ਗਈ ਤੇ ਉਸ ਵਿੱਚੋਂ ਕਿਸੇ ਨੇ ਪਿੱਛੋਂ ਬਰਛੀ ਮਾਰ ਦਿੱਤੀ। ਸਾਹਿਬਜ਼ਾਦਾ ਧਰਤੀ 'ਤੇ ਡਿੱਗ ਪਿਆ। ਰੂਹ ਸੁਰਗ ਵੱਲ ਚਲੀ ਗਈ ਤੇ ਜ਼ਖ਼ਮੀ ਸਰੀਰ ਧਰਤੀ ਉੱਤੇ ਪਿਆ ਰਹਿ ਗਿਆ।

ਬੇਟੇ ਕੋ ਸ਼ਹਾਦਤ ਮਿਲੀ, ਦੇਖਾ ਜੋ 'ਪਿਦਰ' ਨੇ
ਤੂਫ਼ਾਨ ਬਖਾਂ ਗ਼ਮ ਸੇ ਕੀਆ ਦੀਦਾਏ ਤਰ ਨੇ
ਇਸ ਵਕਤ ਕਹਾ ਨੰਨ੍ਹੇ ਸੇ ਮਾਸੂਮ ਪਿਸਰ ਨੇ
'ਰੁਖ਼ਸਤ ਹਮੇਂ ਦਿਲਵਾਓ ਪਿਤਾ ਜਾਏਂਗੇ ਮਰਨੇ ।
ਭਾਈ ਸੇ ਬਿਛੜ ਕਰ ਹਮੇਂ ਜੀਨਾ ਨਹੀਂ ਭਾਤਾ।
ਸੋਨਾ ਨਹੀਂ, ਖਾਨਾ ਨਹੀਂ, ਪੀਨਾ ਨਹੀਂ ਭਾਤਾ।

ਜਦੋਂ ਪਿਤਾ ਨੇ ਪੁੱਤਰ ਨੂੰ ਸ਼ਹੀਦ ਹੋਇਆ ਤੱਕਿਆ, ਗ਼ਮ ਦਾ ਤੂਫ਼ਾਨ ਚੜ੍ਹ ਆਇਆ ਤੇ ਅੱਖੋਂ ਹੰਝੂ ਟਪਕੇ। ਠੀਕ ਉਸੇ ਵਕਤ ਛੋਟੇ ਪੁੱਤਰ ਨੇ ਕਿਹਾ ਕਿ ਪਿਤਾ ਜੀ! ਹੁਣ ਮੈਂ ਸ਼ਹੀਦੀ ਲਈ ਜਾਵਾਂਗਾ। ਮੈਨੂੰ ਭਰਾ ਤੋਂ ਵਿਛੜ ਕੇ ਜਿਊਣਾ ਚੰਗਾ ਨਹੀਂ ਲੱਗਦਾ ਤੇ ਨਾ ਹੀ, ਸੌਣਾ, ਖਾਣਾ ਤੇ ਪੀਣਾ ਚੰਗਾ ਲੱਗਦਾ ਹੈ।

ਮਰਨੇ ਸੇ ਕਿਸੀ ਯਾਰ ਕੋ ਹਮ ਨੇ ਨਹੀਂ ਰੋਕਾ
ਫ਼ਰਜ਼ੰਦ ਵਫ਼ਾਦਾਰ ਕੋ ਹਮ ਨੇ ਨਹੀਂ ਰੋਕਾ
'ਖ਼ੁਸ਼ਨੂਦੀਏ-ਕਰਤਾਰ' ਕੋ ਹਮ ਨੇ ਨਹੀਂ ਰੋਕਾ
ਅਬ ਦੇਖੀਏ ਸਰਕਾਰ ਕੋ ਹਮ ਨੇ ਨਹੀਂ ਰੋਕਾ ।
ਤੁਮ ਕੋ ਭੀ ਇਸੀ ਰਾਹ ਪੈ ਕੁਰਬਾਨ ਕਰੇਂਗੇ।
'ਸਦ' ਸ਼ੁਕਰ ਹੈ ਹਮ ਭੀ ਕਭੀ ਖੰਜਰ ਸੇ ਮਰੇਂਗੇ।

ਸਤਿਗੁਰਾਂ ਕਿਹਾ ਅਸੀਂ ਕਿਸੇ ਯਾਰ ਨੂੰ ਮਰਨ ਤੋਂ ਨਹੀਂ ਰੋਕਿਆ। ਆਪਣੇ ਆਗਿਆਕਾਰੀ ਪੁੱਤਰ ਨੂੰ ਨਹੀਂ ਰੋਕਿਆ। ਰੱਬ ਦੇ ਭਾਣੇ ਨੂੰ ਅਸੀਂ ਨਹੀਂ ਰੋਕਿਆ। ਦੇਖੋ ਅਸੀਂ 'ਸਰਕਾਰ ਨੂੰ ਵੀ ਹੁਣ ਨਹੀਂ ਰੋਕਿਆ। ਅਸੀਂ ਤੁਹਾਨੂੰ ਵੀ ਇਸੇ ਰਾਹ ਤੇ ਕੁਰਬਾਨ ਕਰਾਂਗੇ। ਸੋ ਸ਼ੁਕਰ ਹੈ ਕਿ ਅਸੀਂ ਵੀ ਕਦੀ ਤਲਵਾਰ ਨਾਲ ਸ਼ਹੀਦ ਹੋਵਾਂਗੇ।

"ਹਮ ਦੇਤੇ ਹੈਂ ਖੰਜਰ ਉਸੇ ਸ਼ਮਸ਼ੀਰ ਸਮਝਨਾ
ਨੇਜ਼ੋ ਕੀ ਜਗਹ ਦਾਦਾ ਕਾ ਤੁਮ ਤੀਰ ਸਮਝਨਾ
ਜਿਤਨੇ ਮਰੋਂ ਉਸ ਨੇ ਉਨ੍ਹਾਂ ਬੇਪੀਰ ਸਮਝਨਾ
ਜ਼ਖ਼ਮ ਆਏ ਤੋ ਹੋਨਾ ਨਹੀਂ ਦਿਲਗੀਰ ਸਮਝਨਾ
ਜਬ ਤੀਰ ਕਲੇਜੇ ਮੇਂ ਲਗੇ ਸੀ' ਨਹੀਂ ਕਰਨਾ।
ਉਫ਼' ਮੂੰਹ ਸੇ ਮਿਰੀ ਜਾਂ! ਕਭੀ ਭੀ ਨਹੀਂ ਕਰਨਾ।

ਮੈਂ ਜੋ ਖੰਜਰ ਪਕੜਾਉਂਦਾ ਹਾਂ, ਇਸ ਨੂੰ ਤਲਵਾਰ ਜਾਣ ਲੈਣਾ। ਨੇਜ਼ੇ ਦੀ ਥਾਂ ਆਪਣੇ ਦਾਦਾ ਜੀ ਦਾ ਤੀਰ ਸਮਝ ਲੈਣਾ। ਜਿੰਨੇ ਉਸ ਨਾਲ ਮਰਨ, ਸਮਝ ਲੈਣਾ ਕਿ ਉਹ ਸਾਰੇ ਹੀ ਨਿਗੁਰੇ ਸਨ। ਜੇ ਕੋਈ ਜ਼ਖ਼ਮ ਵੀ ਲੱਗ ਜਾਣ ਤਾਂ ਦਿਲ ਨਹੀਂ ਛੱਡਣਾ। ਜਦੋਂ ਕਲੇਜੇ ਵਿੱਚ ਤੀਰ ਵੀ ਲੱਗ ਜਾਵੇ ਤਾਂ ਸੀ ਨਹੀਂ ਕਰਨੀ ਅਤੇ ਹੇ ਮੇਰੇ ਬੱਚੇ! ਕਦੀ ਵੀ ਮੂੰਹੋਂ ਉਫ਼ ਨਹੀਂ ਕਰਨੀ।

ਜਬ ਫ਼ਤ੍ਹੇ ਗਜਾ ਕਰ ਗਏ ਜੁਝਾਰ ਥੇ ਰਨ ਮੇਂ
ਹਰ ਸ਼ੇਰ ਬਘੇਲਾ ਨਜ਼ਰ ਆਨੇ ਲਗਾ ਬਨ ਮੇਂ
ਨੰਨ੍ਹੀ ਸੀ 'ਕੁਜ਼ਾ' ਬੋਲੀ, ਮੈਂ ਆਈ ਹੂੰ ਸ਼ਰਨ ਮੇਂ
ਦਿਲਵਾਉ 'ਅਮਾਂ 'ਗੋਸ਼ਾਇ ਦਾਮਾਨੇ ਕਫ਼ਨ' ਮੇਂ
ਮੈਂ ਜਿਸਕੇ ਹੂੰ ਕਬਜ਼ੇ ਮੇਂ ਵਹ ਕਾਬੂ ਮੇਂ ਹੈ ਮੇਰੇ।
ਗੁਰਿਆਈ ਕਾ ਬਲ ਨੰਨ੍ਹ ਸੇ ਬਾਜੂ ਮੇਂ ਹੈ ਮੇਰੇ।

ਨਮਸਕਾਰ ਕਰਕੇ ਜਦੋਂ ਜੁਝਾਰ ਸਿੰਘ ਫ਼ਤਹਿ ਬੁਲਾ ਕੇ ਮੈਦਾਨ ਵਿੱਚ ਗਏ ਸਨ। ਬਣ ਵਿੱਚ ਹਰ ਕੋਈ ਸ਼ੇਰ ਬਘੇਲਾ ਦਿੱਸਣ ਲੱਗਿਆ ਤਾਂ ਮੌਤ ਨੇ ਆਪਣੇ ਆਉਣ ਦਾ ਸੁਨੇਹਾ ਦਿੱਤਾ ਕਿ ਮੈਨੂੰ ਕਫ਼ਨ ਦੇ ਕੋਨੇ ਦੇ ਵਿੱਚ ਪਨਾਹ ਦੇ ਦੇਵੋ। ਹੁਣ ਮੈਂ ਜਿਸਦੇ ਕਾਬੂ ਸਾਂ, ਉਹ ਮੇਰੇ ਕਾਬੂ ਵਿੱਚ ਹੈ ਤੇ ਗੁਰਿਆਈ ਦੀ ਸ਼ਕਤੀ ਮੇਰੇ ਛੋਟੇ ਜਿਹੇ ਬਾਜ਼ ਵਿੱਚ ਹੈ।

ਦਸ ਬੀਸ ਕੋ ਜ਼ਖ਼ਮੀ ਕੀਆ ਦਸ ਬੀਸ ਕੋ ਮਾਰਾ
ਇੱਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ
'ਖ਼ੱਨਾਸ' ਕੋ ਮਾਰਾ ਕਭੀ ਇਬਲੀਸ ਕੋ ਮਾਰਾ ,
ਗੁਲ ਮਚ ਗਿਆ ਇਕ ਤਿਫ਼ਲ ਨੇ ਚਾਲੀਸ ਕੋ ਮਾਰਾ
'ਬਚ ਬਚ ਕੇ ਲੜੇ ਕਲਗੀਓਂ ਵਾਲੇ ਕੇ ਪਿਸਰ ਸੇ।
ਯਿਹ 'ਨੀਮਚਾ' ਲਾਏ ਹੈਂ ਗੁਰੂ ਜੀ ਕੀ ਕਮਰ ਸੇ।

ਉਸਨੇ ਦਸ ਵੀਹ ਵਿਅਕਤੀ ਮਾਰੇ ਅਤੇ ਹੋਰ ਦਸ-ਵੀਹ ਜ਼ਖ਼ਮੀ ਕੀਤੇ। ਹਰ ਹਮਲੇ ਵਿੱਚ ਇਸ ਕੱਲੇ ਨੇ ਇੱਕੀ ਜਣਿਆਂ ਨੂੰ ਖ਼ਤਮ ਕਰ ਦਿੱਤਾ। ਕਦੀ ਕੋਈ ਦਿਓ ਮਾਰ ਮੁਕਾਇਆ ਤੇ ਕਦੀ ਕੋਈ ਸ਼ੈਤਾਨ ਪਾਰ ਬੁਲਾਇਆ। ਸ਼ੋਰ ਮੱਚ ਗਿਆ ਕਿ ਇਕ ਛੋਟੇ ਜਿਹੇ ਬੱਚੇ ਨੇ ਚਾਲ੍ਹੀ ਬੰਦੇ ਦੁਸ਼ਮਣ ਦੇ ਉੜਾ ਦਿੱਤੇ। ਦੁਸ਼ਮਣ ਦੇ ਸਿਪਾਹੀ ਉੱਚੀ-ਉੱਚੀ ਪੁਕਾਰ ਰਹੇ ਸੀ 'ਕਲਗੀ ਵਾਲੇ ਦੇ ਪੁੱਤਰ ਨਾਲ ਬਚ ਕੇ ਲੜੋ। ਇਸ ਪਾਸ ਗੁਰੂ ਜੀ ਵਾਲਾ ਨਿੱਕਾ ਤੇਗਾ ਹੈ।

ਸ਼ਹਿਜ਼ਾਦੇ ਕੇ ਹਰਬੇ ਸੇ 'ਸ਼ੁਜਾਅ ਓ ਜਰੀ' ਹਾਰੇ
ਜ਼ੀ ਦਾਰੋਂ ਕੇ ਜ਼ੀ ਛੂਟ ਗਏ ਸਭ 'ਕਵੀਂ ਹਾਰੇ
ਮਾਸੂਮ ਸੇ ਬਾਜ਼ੀ, ਵਹ ਸਭੀ ਲਸ਼ਕਰੀ ਹਾਰੇ
ਕਮਜ਼ੋਰ ਸੇ ਨਿਰਬਲ ਸੇ ਹਜ਼ਾਰੋਂ ਬਲੀ ਹਾਰੇ
ਮੈਦਾਂ ਮੇਂ ਜਬ ਭਾਈ ਕਾ ਲਾਸ਼ਾ ਨਜ਼ਰ ਆਇਆ।
ਘੋੜੇ ਸੇ ਵੋਹ ਮਾਸੂਮ 'ਦਿਲਾਵਰ' ਉਤਰ ਆਇਆ।

ਸ਼ਹਿਜ਼ਾਦੇ ਪਾਸੋਂ ਵੱਡੇ-ਵੱਡੇ ਬਹਾਦਰ ਹਾਰ ਗਏ। ਹੌਸਲੇ ਵਾਲਿਆਂ ਦੇ ਹੌਸਲੇ ਟੁੱਟ ਗਏ ਤੇ ਬਲੀ ਬੇਵੱਸ ਹੋ ਗਏ। ਵੱਡੇ ਲਸ਼ਕਰ ਵਾਲੇ ਇੱਕ ਮਾਸੂਮ ਪਾਸੋਂ ਹਾਰ ਖਾ ਗਏ ਅਤੇ ਹਜ਼ਾਰਾਂ ਦੀ ਤਾਦਾਦ ਵਿੱਚ ਬਹਾਦਰ ਛੋਟੇ ਜਿਹੇ ਸ਼ੇਰ ਪਾਸੋਂ ਭੱਜ ਗਏ। ਪਰ ਜਦੋਂ ਉਸ ਨੂੰ ਮੈਦਾਨ ਵਿੱਚ ਆਪਣੇ ਭਰਾ ਦੀ ਲਾਸ਼ ਦਿਸੀ ਤਾਂ ਝੱਟ ਆਪਣੇ ਘੋੜੇ ਤੋਂ ਹੇਠਾਂ ਉਤਰਿਆ।

ਸਰ ਗੋਦ ਮੇਂ ਲੇ ਕਰ ਕਹਾ ਭਾਈ ਸੇ, ਬੋਲੇਂ
ਇਸ 'ਖ਼ਾਬੇ-ਗਿਰਾਂ' ਸੇ ਕਹੀਂ ਹੁਸ਼ਿਆਰ ਤੋ ਹੋ ਲੇਂ
ਹਮ ਕੌਨ ਹੈਂ ਦੇਖੋ ਤੋ ਜ਼ਰਾ ਆਂਖ ਤੋ ਖੋਲ੍ਹੇਂ
ਸੋਨੇ ਕੀ ਹੀ ਠਾਨੀ ਹੈ ਅਗਰ ਮਿਲ ਕੇ ਤੋ ਸੋ ਲੇਂ
ਭਾਈ ਤਮਹੇਂ ਜਬ 'ਗੰਜਿ ਸ਼ਹੀਦਾਂ' ਕੀ ਜ਼ਮੀਂ ਹੈ।
ਠਾਨੀ ਹੁਈ ਹਮ ਨੇ ਭੀ ਬਸੇਰੇ ਕੀ ਯਹੀਂ ਹੈ।

ਭਾਈ ਦਾ ਸਿਰ ਗੋਦੀ ਵਿੱਚ ਲੈ ਕਹਿਣ ਲੱਗਿਆ, "ਵੀਰਾ! ਹੁਣ ਗੂੜ੍ਹੀ ਨੀਂਦੋਂ ਜਾਗ ਤੇ ਹੁਸ਼ਿਆਰ ਹੋ। ਅੱਖ ਖੋਲ੍ਹ ਕੇ ਤੱਕ ਕਿ ਮੈਂ ਕੌਣ ਹਾਂ। ਜੇ ਸੌਣਾ ਹੀ ਚਾਹੁੰਦਾ ਹੈ ਤਾਂ ਆਪਾਂ ਮਿਲ ਕੇ ਹੀ ਸੌਂ ਲਈਏ। ਵੀਰਾ ਜਦੋਂ ਤੈਨੂੰ ਸ਼ਹੀਦਾਂ ਦੇ ਖ਼ਜ਼ਾਨੇ ਦੀ ਧਰਤੀ ਪ੍ਰਵਾਨ ਹੈ ਤਾਂ ਮੈਂ ਵੀ ਤੇਰੇ ਪਾਸ ਹੀ ਆਪਣੇ ਰਹਿਣ ਦੀ ਠਾਣ ਲਈ ਹੈ।

ਇਤਨੇ ਮੇਂ 'ਖ਼ਦੰਗ' ਆ ਕੇ ਲਗਾ ਹਾਇ ਜਿਗਰ ਮੇਂ
ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗੁਲਿ ਤਰ ਮੇਂ ।
'ਤਾਰੀਕ' ਜ਼ਮਾਨਾ ਹੂਆ ਸਤਿਗੁਰ ਕੀ ਨਜ਼ਰ ਮੇਂ
ਤੂਫ਼ਾਨ ਉਠਾ, ਖ਼ਾਕ ਉੜੀ, ਬਰਰ' ਮੇਂ 'ਬਰ' ਮੇਂ
ਤਿਉਰਾ ਕੇ ਗਿਰਾ ਲਖ਼ਤੇ ਜਿਗਰ ਲਖ਼ਤੇ ਜਿਗਰ ਪਰ।
ਕਿਆ ਗੁਜ਼ਰੀ ਹੈ ਇਸ ਵਕਤ ਕਹੂੰ ਕਿਆ ਮੈਂ ਪਿਦਰ ਪਰ।

ਏਨੇ ਨੂੰ ਇੱਕ ਤੀਰ ਜਿਗਰ ਵਿੱਚ ਆ ਲੱਗਿਆ। ਇਸ ਤਰ੍ਹਾਂ ਲੱਗਦਾ ਸੀ ਕਿ ਤੀਰ ਨਹੀਂ ਸਗੋਂ ਫੁੱਲ ਸਰੀਰ ਵਿੱਚ ਕੰਡਾ ਹੈ। ਸਤਿਗੁਰੂ ਦੀ ਨਜ਼ਰ ਵਿੱਚ ਸੰਸਾਰ ਵਿੱਚ ਮਾਨੋ ਹਨ੍ਹੇਰ ਪੈ ਗਿਆ ਤੇ ਜਲ-ਥਲ ਵਿੱਚ ਤੂਫ਼ਾਨ ਆ ਗਿਆ, ਹਨ੍ਹੇਰੀ ਆ ਗਈ। ਇੱਕ ਦਿਲ ਦਾ ਟੁਕੜਾ ਦੂਜੇ ਦਿਲ ਦੇ ਟੁਕੜੇ ਤੇ ਵਲ ਖਾ ਕੇ ਡਿੱਗ ਗਿਆ। ਮੈਂ ਕੀ ਕਹਾਂ ਕਿ ਉਸ ਵੇਲੇ ਬਾਪ ਉੱਤੇ ਕੀ ਬੀਤੀ ਹੋਵੇਗੀ।

**ਹਕੀਮ ਅਲ੍ਹਾ ਯਾਰ ਖਾਂ 'ਯੋਗੀ'**
**ਅਨੁਵਾਦਕ ਡਾ.ਗੁਰਦੇਵ ਸਿੰਘ ਪੰਦੋਹਲ**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਮੈਨੂੰ ਹੋਰ ਕੋਈ ਡਰ ਨਹੀਂ, ਪਰ ਜੇ ਤੁਹਾਡੇ ਕੋਲੋਂ ਨਾ ਫੜਿਆ ਗਿਆ, ਫਿਰ ਮੇਰਾ ਕੋਈ ਵਸੇਬਾ ਨਹੀਂ। ਮੈਂ ਦੂਰੋਂ ਤੁਹਾਨੂੰ ਉਸ ਦੀ ਝੁੱਗੀ ਵਿਖਾ ਕੇ ਨੱਸ ਆਵਾਂਗਾ। ਪਰ ਤੁਸੀਂ ਆਪਣਾ ਇਕਰਾਰ ਨਾ ਭੁੱਲਣਾ।

"ਉਹ ਕੀ ?

"ਬੱਸ ਤੁਸੀਂ ਤੇ ਹੁਣੇ ਭੁੱਲ ਗਏ ? ਐਹ ਸੋਟੀ ਤੇ ਇਕ ਹਜ਼ਾਰ ?

"ਅਸੀਂ ਅੰਗਰੇਜ਼ ਲੋਕ ਵਾਹਦੇ ਦੇ ਬਹੁਤ ਪੱਕੇ ਹੁੰਦੇ ਹਾਂ।

"ਚੰਗੀ ਗੱਲ ਹੈ। ਫਿਰ ਚਲੋ ਮੇਰੇ ਨਾਲ।

"ਇਕੱਲਿਆਂ ਕੁਝ ਡਰ ... ??

"ਨਹੀਂ ਡਰ ਵਰ ਦੀ ਕੋਈ ਗੱਲ ਨਹੀਂ ! ਮੇਰੀ ਜਾਨ ਤੁਹਾਡੇ ਲਈ ਹਾਜ਼ਰ ਹੈ, ਪਰ ਮੇਰਾ ਇਨਾਮ ਨਾ......

ਇਕ ਵਾਰ ਤੇ ਆਖ ਦਿੱਤਾ ਕਿ ਇਨਾਮ ਤੈਨੂੰ ਜ਼ਰੂਰ ਮਿਲੇਗਾ।

ਇਹ ਸੁਣ ਕੇ ਉਹ ਮੇਰੇ ਅੱਗੇ ਟਿੱਬਿਆਂ ਤੇ ਨੱਸ ਤੁਰਿਆ। ਮੈਂ ਅੰਦਰੋਂ ਡਰਦਾ, ਪਰ ਉੱਤੋਂ ਰੋਅਬ ਕਾਇਮ ਰੱਖਣ ਲਈ, ਅੱਗੇ ਪਿੱਛੇ, ਸੱਜੇ ਖੱਬੇ ਝਾਕਦਾ ਤੁਰਿਆ ਜਾ ਰਿਹਾ ਸਾਂ। ਮੈਂ ਜਾਣਾ ਤਾਂ ਨਹੀਂ ਸੀ ਚਾਹੁੰਦਾ, ਪਰ ਇਹ ਸੋਚ ਕੇ ਕਿ ਇਹ ਬਾਣੀਆ ਮੈਨੂੰ ਕੀ ਆਖੇਗਾ ਕਿ ਅੰਗਰੇਜ਼ ਬੜੇ ਡਰਾਕਲ ਹੁੰਦੇ ਹਨ, ਆਪਣਾ ਪਸਤੌਲ ਘੁੱਟ ਕੇ ਹੱਥ ਵਿਚ ਫੜੀ ਤੁਰਿਆ ਜਾ ਰਿਹਾ ਸਾਂ। ਘੋੜਾ ਮੇਰਾ ਪਹਿਲਾਂ ਹੀ ਤ੍ਰਭਕ ਕੇ ਮੇਰੇ ਹੱਥੋਂ, ਹਨੇਰੀ ਆਉਣ ਵੇਲੇ, ਵਾਗ ਛੁਡਾ ਕੇ ਨੱਸ ਗਿਆ ਸੀ। ਕਈ ਟਿੱਬੇ ਪਾਰ ਕਰ ਕੇ ਅਸੀਂ ਇਕ ਮੈਦਾਨ ਜਿਹੇ ਵਿਚ ਪੁੱਜੇ। ਜਿੱਥੇ ਕਈ ਝੁੱਗੀਆਂ ਨਜ਼ਰ ਪਈਆਂ। ਮੈਂ ਅਜੇ ਝੁੱਗੀਆਂ ਵੱਲ ਹੀ ਵੇਖਦਾ ਜਾ ਰਿਹਾ ਸਾਂ, ਅਚਾਨਕ ਇਕ ਬਾਗੜੀ ਜਿਹੇ ਨੇ ਬਹੁਤ ਫੁਰਤੀ ਨਾਲ ਝਟਕਾ ਮਾਰ ਕੇ ਮੇਰਾ ਪਸਤੌਲ ਮੇਰੇ ਹੱਥੋਂ ਖੋਹ ਲਿਆ। ਉਸ ਤੋਂ ਬਿਨਾਂ ਪੰਜ ਚਾਰ ਹੋਰ ਵੀ ਮੇਰੇ ਆਲੇ ਦੁਆਲੇ ਹੋ ਗਏ । ਪਸਤੌਲ ਖੁਹਾ ਕੇ ਮੈਂ ਉਸ ਬਾਣੀਏ ਨੂੰ ਪੁੱਛਿਆ –

"ਕੀ ਇਹੀ ਅੜਬੰਗੀ ਹੈ ?

"ਨਹੀਂ ਸਰਕਾਰ"

"ਫਿਰ ਕਿੱਥੇ ਹੈ ਉਹ "

ਹੁਣ ਝੁੱਗੀਆਂ ਆ ਗਈਆਂ ਸਨ। ਇਕ ਝੁੱਗੀ ਵਿਚ ਉਹ ਨੱਸ ਕੇ ਜਾ ਵੜਿਆ ਅਤੇ ਅੱਖ ਦੇ ਫੋਰ ਵਿਚ ਕੂਕਿਆਂ ਵਾਲਾ ਵੇਸ ਕਰ ਕੇ ਮੇਰੇ ਅੱਗੇ ਆ ਖਲੋਤਾ, ਨਾਲ ਹੀ ਇਕ ਕਾਨਿਆਂ ਦਾ ਉੱਚਾ ਮੂਹੜਾ ਵੀ ਲੈ ਆਇਆ ਅਤੇ ਹੱਸਦਾ ਹੱਸਦਾ ਆਖਣ ਲੱਗਾ –

"ਬਾਰਬਰਟਨ ਸਾਹਿਬ ! ਬਹੁਤ ਕਿਰਪਾ ਕੀਤੀ ਜੇ ਘਰ ਬੈਠਿਆਂ ਨੂੰ ਆ ਦਰਸ਼ਨ ਦਿੱਤੇ ਹਨ। ਅੱਜ ਮੇਰੀ ਗ਼ਰੀਬ ਦੀ ਪ੍ਰਾਹੁਣਾਚਾਰੀ ਪ੍ਰਵਾਨ ਕਰੋ ਅਤੇ ਇਸ ਕੂਕੇ ਅੜਬੰਗੀ ਦਾ ਸਾਗ, ਪੱਤ ਖਾ ਕੇ ਗੁਜ਼ਾਰਾ ਕਰੋ। ਬੈਠੋ, ਕਪੜੇ ਲਾਹੋ, ਹੱਥ ਮੂੰਹ ਧੋ ਪਹਿਲਾਂ ਕੁਝ ਖਾ ਪੀ ਲਓ। ਬਾਕੀ ਗੱਲਾਂ ਫਿਰ ਕਰਾਂਗੇ। ਮੇਰੇ ਗਰੀਬ ਨਿਵਾਜ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਕਿ –"ਬੂਹੇ ਤੇ ਆਇਆ ਗਊ ਰੱਤ ਨਾਲ ਭਿੱਜੀ ਛੁਰੀ ਲਈ ਖਲੋਤਾ ਕਸਾਈ ਜੇ ਤੁਹਾਡੇ ਦਰੋਂ ਰੋਟੀਓਂ ਭੁੱਖਾ ਚਲਿਆ ਗਿਆ, ਤਦ ਤੁਸੀਂ ਰਹਿਮਤ ਦੇ ਹੱਕਦਾਰ ਨਹੀਂ ਹੋ ਸਕੋਗੇ।"

ਇਹ ਆਖ ਮੈਨੂੰ ਮੂਹੜੇ ਉੱਤੇ ਬਿਠਾ ਦਿੱਤਾ ਅਤੇ ਆਵਾਜ਼ ਮਾਰ ਕੇ ਕਿਹਾ – "ਠਾਕਰ ਬਿਕ੍ਰਮ ਸਿੰਘ ਜੀ। ਸਰਦਾਰ ਦਲੀਪ ਸਿੰਘ ਖੰਡੇ ਹੋਰਾਂ ਨੂੰ ਵੀ ਬਾਹਰ ਲੈ ਆਓ। ਆਖਣਾ ਵਰਦੀ ਪਹਿਨ ਕੇ ਹਾਜ਼ਰ ਹੋਣ ਕਿਉਂਕਿ ਸਾਹਿਬ ਸਪ੍ਰਡੈਂਟ ਬਹਾਦਰ ਬਾਰਬਰਟਨ ਸਾਹਿਬ ਵੀ ਆ ਗਏ ਹਨ। ਆਓ ਆ ਕੇ ਸਲਾਮ ਕਰ ਲਓ।

## 4

ਅੜਬੰਗੀ ਦੀਆਂ ਗੱਲਾਂ ਸੁਣ ਕੇ ਤੇ ਉਸ ਦੀ ਚਲਾਕੀ ਵੇਖ ਕੇ ਮੈਂ ਤਾਂ ਹੈਰਾਨ ਰਹਿ ਗਿਆ। ਮੇਰੇ ਸਿਰ ਨੂੰ ਚੱਕਰ ਆਉਣ ਲੱਗ ਪਏ ਅਤੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ। ਮੈਨੂੰ ਇੰਝ ਜਾਪੇ ਜਿਵੇਂ ਪਹੀਏ ਵਾਂਗ ਸਾਰੀ ਧਰਤੀ ਘੁੰਮ ਰਹੀ ਹੁੰਦੀ ਹੈ। ਉਹ ਫਿਰ ਮੇਰੇ ਕੋਲ ਆ ਗਿਆ ਅਤੇ ਆਖਣ ਲੱਗਾ – ਆਪ ਸ਼ਾਇਦ ਹੈਰਾਨ ਹੋ ਰਹੇ ਹੋਵੋਗੇ ਕਿ ਜਿਸ ਨੂੰ ਫੜਨ ਆਏ ਸੀ, ਆਪ ਹੀ ਉਸ ਦੇ ਕਾਬੂ ਆ ਗਏ ਹੋ, ਪਰ ਡਰੋ ਨਾ। (ਅਸੀਂ ਕੂਕੇ) ਘਰ ਆਏ ਦੁਸ਼ਮਣ ਨੂੰ ਦੋਸਤ ਨਾਲੋਂ ਬਹੁਤੀ ਮਿਜਮਾਨੀ ਕਰ ਕੇ ਸਤਿਕਾਰਦੇ ਹਾਂ, ਤੁਸੀਂ ਅੱਗੇ ਵੀ

ਸਾਡੀ ਮਾਤਾ ਜੀਊਣ ਕੌਰ ਕੋਲ ਜਾ ਕੇ ਵੇਖ ਹੀ ਲਿਆ ਹੈ। ਤੁਹਾਡੀ ਜਾਨ ਮੇਰੀ ਮੁੱਠੀ ਵਿਚ ਹੈ ਜੇ ਮੈਂ ਚਾਹਾਂ ਇਕ ਪਲ ਵਿਚ ਤੁਹਾਡੇ ਜਿਹੇ ਨਿਰਦਈ, ਜ਼ਾਲਮ ਤੇ ਜਾਬਰ ਬੇਰਹਿਮ ਨੂੰ ਮਾਰ ਕੇ ਕਾਵਾਂ ਕੁੱਤਿਆਂ ਨੂੰ ਖੁਵਾ ਦਿਆਂ, ਜਿੰਨੇ ਕਸ਼ਟ, ਜਿੰਨੇ ਦੁੱਖ, ਅਹਿੰਸਕ ਤੇ ਨਿਹੱਥੇ ਨਾਮ ਜਪਣ ਵਾਲੇ ਸਾਧੂਆਂ ਨੂੰ ਤੁਸੀਂ ਦਿੱਤੇ ਹਨ, ਉਨ੍ਹਾਂ ਦਾ ਬਦਲਾ ਲੈਣ ਦਾ ਅੱਜ ਤੋਂ ਚੰਗਾ ਸਮਾਂ ਫਿਰ ਸ਼ਾਇਦ ਹੀ ਕਦੀ ਮਿਲੇ।

ਪਰ ਮੈਂ ਮਜਬੂਰ ਹਾਂ, ਅਜਿਹਾ ਨਹੀਂ ਕਰ ਸਕਾਂਗਾ! ਇਹ ਨਾ ਸਮਝਣਾ ਕਿ ਮੈਂ ਤੁਹਾਡੀ ਜ਼ਾਲਮ ਹਕੂਮਤ ਤੋਂ ਡਰਦਾ ਹਾਂ, ਮੇਰੇ ਦਿਲ ਵਿਚ ਡਰ ਲਈ ਕੋਈ ਵੀ ਥਾਂ ਨਹੀਂ ਪਰ ਮੈਂ ਆਪਣੇ ਅਹਿੰਸਾ ਦੇ ਅਵਤਾਰ ਸ੍ਰੀ ਗੁਰੂ ਜੀ ਤੋਂ ਡਰਦਾ ਹਾਂ, ਜਿਹੜੇ ਕੀੜੀ ਮਾਰਨ ਨੂੰ ਵੀ ਪਾਪ ਸਮਝਦੇ ਹਨ। ਜਿਹੜੇ ਵਿਹੁ ਭਰੇ ਮਹਾਂ ਜ਼ਹਿਰੀਲੇ ਨਾਗ ਨੂੰ ਮਾਰਨ ਵਾਲੇ ਨੂੰ ਵੀ ਪਾਪੀ ਸਮਝਦੇ ਹਨ ਅਤੇ ਮਾਫ਼ ਨਹੀਂ ਕਰਦੇ, ਮੈਨੂੰ ਡਰ ਹੈ, ਮੇਰੀ ਪੂਜਯ ਮਾਂ ਜੀਊਣ ਕੌਰ ਦਾ ਜਿਹੜੀ ਸਦਾ ਹੀ ਮੈਨੂੰ ਜ਼ਬਤ ਤੇ ਸਬਰ ਦੀ ਸਿੱਖਿਆ ਦਿੰਦੀ ਰਹਿੰਦੀ ਹੈ। ਨਹੀਂ ਤਾਂ ਅੱਜ ਜਿਹਾ ਸਮਾਂ ਕਦੀ ਹੱਥ ਆ ਸਕਦਾ ਹੈ। ਲੱਖ ਜਤਨ ਕਰਨ ਤੇ ਵੀ ਤੁਹਾਡੀ ਹੱਡੀ ਪਸਲੀ ਇਨ੍ਹਾਂ ਟਿੱਬਿਆਂ ਵਿਚੋਂ ਨਹੀਂ ਮਿਲ ਸਕਦੀ।

ਪਰ ਮੈਂ ਮਜਬੂਰ ਹਾਂ, ਸਾਡੇ ਕੂਕਿਆਂ ਦੇ ਹੱਥ ਬੰਨ੍ਹ ਦਿੱਤੇ ਹਨ ਤੁਹਾਡੀ ਮੇਮ ਸਾਹਿਬ ਨੇ ਜਿਸ ਦਾ ਸਾਡੇ ਸਿਰ ਬਹੁਤ ਵੱਡਾ ਅਹਿਸਾਨ ਹੈ, ਉਸ ਤੁਹਾਡੇ ਮਨਾਂ ਕਰਦਿਆਂ ਵੀ ਬਾਬਾ ਦਰਬਾਰਾ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਰੰਗੂਨ ਦਾ ਸਾਰਾ ਪਤਾ ਟਿਕਾਣਾ ਦੱਸ ਦਿੱਤਾ ਹੈ ਅਤੇ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਤੇ ਕਰ ਆਏ। ਅਸੀਂ ਨਹੀਂ ਚਾਹੁੰਦੇ ਕਿ ਉਹ ਨੇਕ ਦਿਲ ਭੈਣ ਰੰਡੀ ਹੋਵੇ। ਅੱਜ ਤੁਹਾਡੀ ਜਾਨ ਉਸ ਦੇ ਪਰਉਪਕਾਰ ਸਦਕਾ ਬਖਸ਼ੀ ਜਾਂਦੀ ਹੈ। ਨਹੀਂ ਤਾਂ ਇਨ੍ਹਾਂ ਟਿੱਬਿਆਂ ਵਿਚ ਤੁਹਾਨੂੰ ਮਾਰ ਕੇ, ਫੂਕ ਕੇ ਹੱਡੀਆਂ ਰਗੜ ਕੇ ਇਸ ਰੇਤ ਦੇ ਨਾਲ ਖੰਡਾ ਕੇ ਜਿਸ ਮਿੱਟੀ ਨੇ ਤੁਹਾਨੂੰ ਪੈਦਾ ਕੀਤਾ ਸੀ, ਉਸ ਵਿਚ ਮਿਲਾ ਕੇ ਮੁੱਦਾ ਖ਼ਤਮ ਕੀਤਾ ਜਾਂਦਾ। ਨਾ ਕੋਈ ਗੁਆਹ ਨਾ ਸ਼ਹਾਦਤ, ਨਾ ਮੁਕਬਰ ਨਾ ਕੋਈ ਖੁਰਾ ਖੋਜ। ਇਸ ਲਈ ਘਾਬਰੋ ਨਾ, ਆਉ ਮੇਰੀ ਝੁੱਗੀ ਵਿਚ ਅਰਾਮ ਕਰੋ, ਜਲ ਪ੍ਰਸ਼ਾਦ ਛਕੋ, ਸਵੇਰ ਤੀਕ ਟਿਕੋ, ਫਿਰ ਜਿੱਥੇ ਜੀ ਚਾਹੇ ਚਲੇ ਜਾਣਾ। ਤੁਸੀਂ ਇਕੱਲੇ ਇੱਥੇ ਨਹੀਂ, ਤੁਹਾਡਾ ਖੰਡਾ ਦਲੀਪ ਸਿੰਘ ਤੁਹਾਡੇ ਤੋਂ ਪਹਿਲਾਂ ਹੀ ਤੁਹਾਡੇ ਸੁਆਗਤ ਲਈ ਹਾਜ਼ਰ ਹੈ। ਥੋੜ੍ਹੀ ਦੇਰ ਨੂੰ ਫ਼ਜ਼ਲੇ ਕਰੀਮ ਠਾਣੇਦਾਰ ਵੀ ਆ ਜਾਵੇਗਾ, ਤਿੰਨੇ ਰਲ ਕੇ ਮੇਰੇ ਮਾਰਨ ਫੜਨ ਦੀਆਂ ਸਕੀਮਾਂ ਤਿਆਰ ਕਰੋ।

ਅੜਬੰਗੀ ਦੀਆਂ ਗੱਲਾਂ ਸੁਣ ਸੁਣ ਮੈਂ ਹੈਰਾਨ ਪਰੇਸ਼ਾਨ ਹੋ ਰਿਹਾ ਸਾਂ। ਸਮਝ ਨਹੀਂ ਸੀ ਆ ਰਹੀ ਕਿ ਇਹ ਸ਼ੈਤਾਨ ਹੈ ਜਾਂ ਕੋਈ ਫਰਿਸ਼ਤਾ। ਇਨਸਾਨ ਹੈ ਜਾਂ ਦੇਵਤਾ। ਪਤਾ ਨਹੀਂ ਇਸ ਦਾ ਇਹ ਨਾਂ "ਅੜਬੰਗੀ ਕਿਸ ਪਾਇਆ ਹੈ ? ਇਸ ਅੱਗੇ ਤਾਂ ਤਹਿਜ਼ੀਬ ਤੇ ਭਦਰਤਾ ਵੀ ਕੁਝ ਨਹੀਂ ਲੱਗਦੀ। ਪਤਾ ਨਹੀਂ ਇਹ ਸੱਚ ਕਹਿ ਰਿਹਾ ਹੈ ਜਾਂ ਕੋਈ ਛਲ ਕਪਟ ਕਰ ਰਿਹਾ ਹੈ। ਮੈਂ ਵੀ ਤਾਂ ਇਕ ਹਜ਼ਾਰ ਤੇ ਇਹ 500/- ਦੀ ਛੜੀ ਦੇਣ ਦਾ ਇਕਰਾਰ ਦਿੱਤਾ ਹੀ ਸੀ। ਉਹ ਮੇਰੇ ਦਿਲ ਦੇ ਉਤਰਾ ਚੜ੍ਹਾ ਤਾੜਦਾ ਹੋਇਆ ਆਖਣ ਲੱਗਾ - "ਸਾਹਿਬ ! ਤੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਸੀਂ ਕੂਕੇ ਕਦੀ ਝੂਠ ਨਹੀਂ ਬੋਲਦੇ, ਜੋ ਗੱਲ ਕਰਦੇ ਹਾਂ ਉਹ ਅੰਦਰੋਂ ਵੀ ਤੇ ਬਾਹਰੋਂ ਵੀ ਇਕੋ ਜਿਹੀ ਕਰਦੇ ਹਾਂ। ਤੇਰੇ ਵਾਂਗ ਕੂੜ ਕੁਸੱਤ ਸਾਨੂੰ ਨਹੀਂ ਆਉਂਦਾ।

ਪਰ ਮੈਨੂੰ 'ਮਕਾਲੇ' ਜਿਹੇ ਅੰਗਰੇਜ਼ ਮੁਦੱਬਰਾਂ ਦੀ ਗੱਲ ਯਾਦ ਆ ਰਹੀ ਸੀ ਕਿ "ਕਿਸੇ ਵੀ ਹਿੰਦੁਸਤਾਨੀ ਦਾ, ਭਾਵੇਂ ਉਹ ਕੇਡਾ ਮਹਾਨ ਕਿਉਂ ਨਾ ਹੋਵੇ, ਇਤਬਾਰ ਨਹੀਂ ਕਰਨਾ।" ਪਰ ਨਹੀਂ, ਅੜਬੰਗੀ ਦੀ ਗੱਲ ਤੇ ਮੈਨੂੰ ਕਿਸੇ ਵੀ ਬੇਇਤਬਾਰੀ ਦੀ ਬੂ ਨਹੀਂ ਸੀ ਆ ਰਹੀ। ਜੇ ਉਸ ਮੈਨੂੰ ਮਾਰਨਾ ਹੀ ਹੁੰਦਾ ਤਦ ਹੁਣ ਡੀਕ ਕਦੇ ਦਾ ਪਾਰ ਬੁਲਾਉਂਦਾ। ਫਿਰ ਵੀ ਮੈਂ ਉਸ ਨੂੰ ਰੁੱਖਾਈ ਜਿਹੀ ਨਾਲ ਹੀ ਕਿਹਾ ਕਿ -

ਜਿਸ ਦੀ ਜ਼ਿੰਦਗੀ ਪਰਾਇਆ ਮਾਲ ਖੋਹਣ ਤੇ ਬੇਦੋਸ਼ਾਂ ਦਾ ਖ਼ੂਨ ਕਰਦਿਆਂ ਹੀ ਅੱਜ ਤੀਕ ਗੁਜ਼ਰੀ ਹੈ, ਉਸਦਾ ਇਤਬਾਰ ਕੌਣ ਕਰੇ ? ਤੇ ਕਿਵੇਂ ਕਰੇ ?

"ਇਹ ਅਣਹੋਇਆ ਦੋਸ਼ ਮੇਰੇ ਸਿਰ ਨਾ ਲਾਓ। ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਦੀ ਤਾਂ ਮੈਂ ਗੱਲ ਨਹੀਂ ਕਰ ਸਕਦਾ, ਪਰ ਜਿਸ ਦਿਨ ਦਾ ਕੂਕਾ ਹੋਇਆ ਹਾਂ, ਸਿੰਘ ਸਜਿਆ ਹਾਂ, ਕਿਸੇ ਦਾ ਇਕ ਪੈਸਾ ਵੀ ਨਹੀਂ ਚੁਰਾਇਆ। ਜੇ ਮੈਂ ਅਜਿਹਾ ਹੁੰਦਾ ਤਾਂ ਇਥੇ ਇਸ ਰੋਹੀ ਬੀਆਬਾਨ ਵਿਚ ਵਾਣ ਵੱਟ ਕੇ ਅਤੇ ਇਹ ਮੂੜੇ ਬਣਾ ਕੇ ਗੁਜ਼ਾਰਾ ਨਾ ਕਰਦਾ ?

"ਕੀ ਤੂੰ ਗੇਂਦਾ ਨਹੀਂ ਮਾਰਿਆ ? ਕੀ ਤੂੰ ਬੁੱਚੜ ਨਹੀਂ ਵੱਢੇ ?

**ਚੱਲਦਾ..................**

# ਸੁੱਚੇ ਮੋਤੀ

✪ ਚੰਗਾ ਵਿਹਾਰ ਅਤੇ ਅਨੰਦਮਈ ਜੀਵਨ ਨਾਲੋਂ ਨਾਲ ਚੱਲਦੇ ਹਨ। ਸ਼ਿਸ਼ਟਾਚਾਰ ਅਥਵਾ ਵਿਹਾਰ ਗਣਿਤ ਦੀ ਬਿੰਦੀ ਵਾਂਗ ਹਨ ਜੋ ਆਪਣੇ ਆਪ ਵਿਚ ਕੁਝ ਵੀ ਨਹੀਂ ਹੁੰਦੀ, ਪਰ ਹਰ ਚੀਜ ਦੇ ਮੁੱਲ ਵਿਚ ਬਹੁਤ ਵੱਡਾ ਵਾਧਾ ਕਰ ਸਕਦੀ ਹੈ।

**–ਐਫ. ਸਟਾਰਕ**

✪ ਦੂਜਿਆਂ ਲਈ ਉਹੋ ਜਿਹਾ ਵਿਹਾਰ ਕਰਨਾ ਚਾਹੀਦਾ ਹੈ ਜਿਹੋ ਜਿਹਾ ਅਸੀਂ ਆਪਣੇ ਲਈ ਪਸੰਦ ਕਰਦੇ ਹਾਂ।

**–ਭਾਰਤੀ ਦਰਸ਼ਨ**

✪ ਵਿਰੋਧਤਾ ਤੋਂ ਨਾ ਡਰੋ। ਯਾਦ ਰੱਖੋ ਇਕ ਪਤੰਗ ਹਵਾ ਦੇ ਵਿਰੋਧ ਵਿਚ ਉੱਡਦਾ ਹੈ, ਹੱਕ ਵਿਚ ਨਹੀਂ।

**–ਐਚ. ਮਾਬੀ**

✪ ਪੂਰਨ ਵਿਸ਼ਵਾਸ਼ ਕਰੋ ਕਿ ਹਰ ਕੰਮ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਵੇਗਾ, ਅਤੇ ਫੇਰ ਸਾਨੂੰ ਰਸਤਾ ਵੀ ਲੱਭ ਜਾਵੇਗਾ।

**–ਅਬਰਾਹਮ ਲਿੰਕਨ**

✪ ਉਸ ਸਮੇਂ ਤੱਕ ਜਦੋਂ ਕਿ ਇਕ ਆਦਮੀ ਅਨੁਭਵ ਕਰਦਾ ਹੈ ਕਿ ਉਸ ਦੇ ਪਿਤਾ ਜੀ ਠੀਕ ਸਨ, ਉਸਦੇ ਆਮ ਤੌਰ ਤੇ ਪੁੱਤਰ ਹੋ ਜਾਂਦਾ ਹੈ ਜੋ ਉਸਨੂੰ ਗਲਤ ਕਹਿੰਦਾ ਹੈ।

**–ਚਾਰਲਸ ਵਰਡਸਵਰਥ**

✪ ਸਾਰਥਕ ਉਸਾਰੂ ਦ੍ਰਿਸ਼ਟੀਕੋਣ ਨਾ ਸਿਰਫ ਤੁਹਾਡੀ ਜਿੰਦਗੀ ਤਬਦੀਲ ਕਰ ਦੇਵੇਗਾ ਬਲ ਕੇ ਨਾਲੋਂ ਨਾਲ ਤੁਹਾਡੀ ਦੁਨੀਆਂ ਵੀ ਬਦਲ ਦੇਵੇਗਾ।

**–ਜਾਰਜ ਸ਼ਿਨ**

✪ ਇਕ ਜਰਨੈਲ ਨੇ ਕਿਹਾ: ਭੈੜੀ ਖਬਰ ਹੈ, ਫੌਜ ਹਾਰ ਰਹੀ ਹੈ।
ਦੂਜਾ ਜਰਨੈਲ ਬੋਲਿਆ: ਮੇਰੀ ਖਬਰ ਤਾਂ ਤੇਰੀ ਖਬਰ ਨਾਲੋਂ ਵੀ ਭੈੜੀ ਹੈ।
ਤੇਰੀ ਖਬਰ ਕੀ ਹੈ? ਮੇਰੀ ਖਬਰ ਹੈ: ਕਮਾਂਡਰ ਹੌਂਸਲਾ ਛੱਡ ਰਿਹਾ ਹੈ।

**–ਨਰਿੰਦਰ ਸਿੰਘ ਕਪੂਰ**

# ਬੱਚਿਆਂ ਦਾ ਪੰਨਾ

## ਸਾਹਿਬਜ਼ਾਦੇ

ਬੱਚੇ ਅੱਜ ਵੀ ਖੁਸ਼ੀ-ਖੁਸ਼ੀ ਖੇਡ ਰਹੇ ਸਨ। ਅੱਗੇ ਜਦ ਵੀ ਬੱਚੇ ਖੇਡਦੇ ਤਾਂ ਦਾਦੀ ਮਾਂ ਉਹਨਾਂ ਨੂੰ ਦੇਖ ਕੇ ਬਹੁਤ ਖੁਸ਼ ਹੁੰਦੀ, ਪਿਆਰ ਕਰਦੀ। ਕਦੀ-ਕਦੀ ਤਾਂ ਆਪ ਵੀ ਉਹਨਾਂ ਦੇ ਨਾਲ ਹੀ ਰਲ ਜਾਂਦੀ। ਸਾਹ ਵੀ ਚੜਦਾ ਪਰ ਪਰਵਾਹ ਨਾ ਕਰਦੀ। ਅੱਜ ਦਾਦੀ ਮਾਂ ਆਈ ਤਾਂ ਜਰੂਰ ਪਰ ਚੁੱਪ ਕਰਕੇ, ਪਾਸੇ ਜਿਹੇ ਹੋ ਕੇ ਬੈਠੀ ਰਹੀ।

ਜਦ ਬੱਚਿਆਂ ਦੀ ਨਜ਼ਰ ਦਾਦੀ ਮਾਂ ਤੇ ਪਈ ਤਾਂ ਦਾਦੀ ਮਾਂ ਨੂੰ ਉਦਾਸ ਚਿੱਤ ਬੈਠੀ ਵੇਖ ਕੇ ਉਹ ਖੇਡਦੇ-ਖੇਡਦੇ ਰੁੱਕ ਗਏ। ਹੈਰਾਨ ਪ੍ਰੇਸ਼ਾਨ ਜਿਹੇ ਹੋਏ, ਦੌੜੇ-ਦੌੜੇ, ਦਾਦੀ ਮਾਂ ਕੋਲ ਆਏ। ਪੁੱਛਣ ਲੱਗੇ, ਦਾਦੀ ਮਾਂ! ਅੱਜ ਤੁਸੀਂ ਇਸ ਤਰ੍ਹਾਂ ਕਿਉਂ ਬੈਠੇ ਹੋ? ਕੀ ਹੋਇਆ ਹੈ? ਪਹਿਲਾਂ ਵਾਂਗ, ਤੁਸੀਂ ਨਾ ਤਾਂ ਸਾਡੇ ਨਾਲ ਹੱਸਣ ਖੇਡਣ ਲੱਗੇ, ਤੇ ਨਾ ਹੀ ਸਾਨੂੰ ਦੇਖ ਕੇ ਖੁਸ਼ ਹੋਏ ਹੋ?" ਬੱਚੇ ਇਸ ਤਰਾਂ ਸਵਾਲ ਤੇ ਸਵਾਲ ਕਰਨ ਲੱਗੇ।

ਦਾਦੀ ਮਾਂ ਉਦਾਸ ਜਿਹੇ ਮਨ ਨਾਲ ਹੀ ਕਹਿਣ ਲੱਗੀ "ਬੱਚਿਓ ਤੁਹਾਨੂੰ ਪਤਾ ਹੈ ਕਿ ਅੱਜ ਕੱਲ੍ਹ ਵਰਗੇ ਠੰਡੇ ਦਿਨਾਂ ਵਿਚ ਹੀ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ। ਛੋਟੇ ਸਾਹਿਬਜ਼ਾਦੇ ਤਾਂ ਤੁਹਾਡੇ ਵਰਗੇ ਛੋਟੇ-ਛੋਟੇ ਹੀ ਸਨ। ਵੱਡੇ ਸਾਹਿਬਜ਼ਾਦਿਆਂ ਵਿਚ ਵੀ ਇਕ ਤਾਂ ਅਜੇ ਜਵਾਨੀ ਦੀ ਪਹਿਲੀ ਹੀ ਪੌੜੀ ਚੜ੍ਹਨ ਲੱਗਾ ਸੀ, ਤੇ ਦੂਸਰਾ ਅਜੇ ਜਵਾਨ ਹੋਇਆ ਹੀ ਸੀ।"

ਬੱਚੇ ਬੜੇ ਧਿਆਨ ਨਾਲ ਸੁਣ ਰਹੇ ਸੀ ਤਾਂ ਵਿਚੋਂ 7-8 ਸਾਲ ਦੀ ਬੱਚੀ ਹਰਨਾਮ ਕੌਰ ਨੇ ਦਾਦੀ ਮਾਂ ਨੂੰ ਪੁੱਛਿਆ-

ਅਜੀਤ ਤੇ ਜੁਝਾਰ ਵੱਡੜੇ
ਜੋਰਾਵਰ ਤੇ ਫਤਹਿ ਸਿੰਘ ਛੋਟੇ,

ਮੈਂ ਇਹ ਲਾਈਨਾਂ ਕਈ ਵਾਰੀ ਮਾਂ ਤੋਂ ਸੁਣੀਆਂ ਹਨ, ਕੀ ਇਹ ਲਾਈਨਾਂ ਸਾਹਿਬਜ਼ਾਦਿਆਂ ਬਾਰੇ ਹੀ ਨੇ? ਤਾਂ ਅੱਗੋਂ ਦਾਦੀ ਮਾਂ ਬੋਲੀ: ਹਾਂ ਬੇਟਾ ਸ਼ਾਬਾਸ਼, ਜੋਰਾਵਰ ਤੇ ਫਤਹਿ ਸਿੰਘ ਹੀ ਛੋਟੇ ਸਾਹਿਬਜ਼ਾਦੇ ਸਨ ਤੇ ਅਜੀਤ ਤੇ ਜੁਝਾਰ ਸਿੰਘ ਵੱਡੇ। 9-10 ਸਾਲ ਦੇ ਬੱਚੇ ਸੰਤਾ ਸਿੰਘ ਨੇ ਪੁੱਛਿਆ, ਦਾਦੀ ਮਾਂ! ਸਾਹਿਬਜ਼ਾਦਿਆਂ ਦੀ ਉਮਰ ਕਿੰਨੀ-ਕਿੰਨੀ ਸੀ? ਬੱਚਿਆਂ ਦੇ ਚਾਅ ਨੂੰ ਦੇਖਦੇ ਹੋਏ ਦਾਦੀ ਮਾਂ ਦੱਸਣ ਲੱਗੀ, ਜੋਰਾਵਰ ਸਿੰਘ ਦੀ ਉਮਰ ਲਗਭਗ 7 ਸਾਲ, ਫਤੇਹ ਸਿੰਘ ਦੀ ਉਮਰ ਲਗਭਗ 5 ਸਾਲ , ਵੱਡੇ ਸਾਹਿਬਜ਼ਾਦੇ ਜੁਝਾਰ ਸਿੰਘ ਦੀ ਉਮਰ ਲਗਭਗ 14 ਸਾਲ, ਅਜੀਤ ਸਿੰਘ ਦੀ ਉਮਰ ਲਗਭਗ 18 ਸਾਲ ਸੀ।

ਬੱਚਿਆਂ ਦੇ ਪੁੱਛਣ ਤੇ ਦਾਦੀ ਮਾਂ ਨੇ ਅੱਗੇ ਦੱਸਿਆ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਾਲਮ ਮੁਗ਼ਲ ਸਰਕਾਰ ਨੇ ਪਹਿਲਾਂ ਨੀਹਾਂ ਵਿਚ ਚਿਣਿਆ ਤਾਂ ਉਹ ਬੇਹੋਸ਼ ਹੋ ਕੇ ਡਿੱਗ ਗਏ, ਫਿਰ ਹੋਸ਼ ਵਿਚ ਆਉਣ ਤੇ ਤਲਵਾਰਾਂ ਨਾਲ ਸ਼ਹੀਦ ਕਰ ਦਿੱਤੇ ਗਏ। ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਮੁਗ਼ਲ ਸੈਨਾ ਨਾਲ ਲੜਦਿਆਂ ਸ਼ਹੀਦ ਹੋ ਗਏ।

ਦਾਦੀ ਮਾਂ ਨੇ ਹੋਰ ਦੱਸਿਆ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਤਾਂ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਗਏ ਪਰ ਉਹ ਕਿਸੇ ਵੀ ਤਰ੍ਹਾਂ ਦੇ ਲਾਲਚ ਵਿਚ ਨਾ ਆਏ ਤੇ ਦੇਸ਼ ਕੌਮ ਦੇ ਲਈ ਸ਼ਹੀਦ ਹੋ ਗਏ।

**-ਜਸਵੰਤ ਸਿੰਘ 'ਮਸਤ'**
**ਸ੍ਰੀ ਭੈਣੀ ਸਾਹਿਬ, ਸੰਪ:98550-58178**

-----

# ਖ਼ਬਰਨਾਮਾ

## ਪੰਜਾਬ ਦੇ ਕੇਂਦਰੀ ਵਿਸ਼ਵ ਵਿਦਿਆਲਿਆ (Central University of Punjab) ਬਠਿੰਡਾ ਵਿਖੇ "ਆਜ਼ਾਦ ਭਾਰਤ ਵਿਚ ਨਾਮਧਾਰੀ ਸਿੱਖ" ਵਿਸ਼ੇ ਉੱਪਰ ਇਕ-ਰੋਜ਼ਾ ਸੈਮੀਨਾਰ

**20 ਨਵੰਬਰ 2018, ਮੰਗਲਵਾਰ**

ਗੁਰੂ ਨਾਨਕ ਵਿਸ਼ਵ ਵਿਦਿਆਲੇ ਅੰਮ੍ਰਿਤਸਰ ਵਿਖੇ 'ਸ੍ਰੀ ਸਤਿਗੁਰੂ ਰਾਮ ਸਿੰਘ ਚੇਅਰ' ਪਿੱਛਲੇ ਇਕ ਦਹਾਕੇ ਤੋਂ ਵੀ ਉਪਰ ਕੰਮ ਕਰ ਰਹੀ ਹੈ। ਪੰਜ ਛੇ ਵਰ੍ਹੇ ਪਹਿਲਾਂ ਬਠਿੰਡਾ ਵਿਖੇ ਬਣੀ Central University ਵਿਚ ਵੀ 'ਸਤਿਗੁਰੂ ਰਾਮ ਸਿੰਘ ਚੇਅਰ' ਸਥਾਪਤ ਹੋਈ ਪਰ ਕਾਰਜ ਪਖੋਂ ਪਿਛਲੇ ਵਰ੍ਹੇ ਹੀ ਕਿਰਿਆ-ਸ਼ੀਲ ਹੋਈ। ਏਥੇ ਅੱਜ ਪਹਿਲਾ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸਦਾ ਵਿਸ਼ਾ "ਆਜ਼ਾਦ ਭਾਰਤ ਵਿਚ ਨਾਮਧਾਰੀ ਸਿੱਖ" ਨਿਰਧਾਰਿਤ ਕੀਤਾ ਗਿਆ ਸੀ। ਇਸ ਚੇਅਰ ਦੇ ਮੁਖੀ ਡਾ. ਕੁਲਦੀਪ ਸਿੰਘ ਨਿਯੁਕਤ ਹੋਏ ਹਨ। ਜੋ ਪਹਿਲਾਂ ਖਡੂਰ ਸਾਹਿਬ ਦੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਵਿਖੇ ਅਧਿਆਪਨ ਦਾ ਤਜੁਰਬਾ ਹਾਸਲ ਕਰ ਚੁਕੇ ਹਨ ਅਤੇ ਉਥੋਂ ਦੀ History Deptt. ਦੇ ਮੁਖੀ ਵੀ ਰਹਿ ਚੁਕੇ ਹਨ।

ਅੱਜ ਦੇ ਸੈਮੀਨਾਰ ਦੇ ਓਪਨਿੰਗ ਸੈਸ਼ਨ ਜਾਂ ਉਦਘਾਟਨੀ ਸਮਾਰੋਹ ਵਿਚ ਹੇਠ ਲਿਖੀਆਂ ਸ਼ਖਸੀਅਤਾਂ ਅਤੇ ਵਿਦਵਾਨਾਂ ਨੇ ਹਿੱਸਾ ਲਿਆ:--

ਡਾਕਟਰ ਆਰ. ਕੇ. ਕੋਹਲੀ ਵਾਈਸ ਚਾਂਸਲਰ ਕੇਂਦਰੀ ਵਿਸ਼ਵ ਵਿਦਿਆਲਾ ਬਠਿੰਡਾ, ਡਾਕਟਰ ਐਸ. ਪੀ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਸੰਤ ਸੁਰਿੰਦਰ ਸਿੰਘ ਮੀਤ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਪ੍ਰਧਾਨ ਕੂਕਾ ਸ਼ਹੀਦ ਯਾਦਗਾਰ ਟਰੱਸਟ, ਡਾਕਟਰ ਹਰਮੋਹਿੰਦਰ ਸਿੰਘ ਬੇਦੀ ਵਾਈਸ ਚਾਂਸਲਰ ਕੇਂਦਰੀ ਵਿਸ਼ਵ ਵਿਦਿਆਲਯ ਹਿਮਾਚਲ ਪ੍ਰਦੇਸ਼, ਡਾਕਟਰ ਜੋਗਿੰਦਰ ਸਿੰਘ ਸਾਬਕਾ ਮੁਖੀ 'ਗੁਰੂ ਰਾਮ ਸਿੰਘ ਚੇਅਰ' ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾਕਟਰ ਗੁਰਿੰਦਰ ਸਿੰਘ ਮਾਨ ਸਾਬਕਾ ਪ੍ਰੋਫੈਸਰ ਆਫ ਓਰਿਐਂਟਲ ਰੀਲੀਜਿਅਸ ਸੱਟਡੀਜ਼ ਯੂਨੀਵਸਿਟੀ ਆਫ ਕੈਲੀਫੋਰਨੀਆ, ਡਾਕਟਰ ਕੁਲਦੀਪ ਸਿੰਘ ਮੁਖੀ 'ਸਤਿਗੁਰੂ ਰਾਮ ਸਿੰਘ ਚੇਅਰ' ਕੇਂਦਰੀ ਵਿਸ਼ਵ ਵਿਦਿਆਲਯ ਪੰਜਾਬ, ਬਠਿੰਡਾ ਅਤੇ ਡਾਕਟਰ ਜਗਜੀਤ ਸਿੰਘ Registrar ਯੂਨੀਵਰਸਿਟੀ ਬਠਿੰਡਾ।

ਇਸਦਾ ਉਦਘਾਟਨ ਯੂਨੀਵਰਸਿਟੀ ਦੇ ਇਕ ਆਡੀਟੋਰੀਅਮ ਵਿਚ ਸਵੇਰੇ 10:30 ਵਜੇ ਆਮ ਰਵਾਇਤ ਤੋਂ ਹਟ ਕੇ, ਮੁਖ ਮਹਿਮਾਨ ਡਾ. ਐਸ. ਪੀ. ਸਿੰਘ ਜੀ ਨੇ ਮੰਚ ਤੇ ਪਏ ਗਮਲਿਆਂ 'ਚ ਲੱਗੇ ਦੋ ਪੌਦਿਆਂ ਨੂੰ ਸਿੰਜ ਕੇ ਕੀਤਾ।

'ਸਤਿਗੁਰੂ ਰਾਮ ਸਿੰਘ ਚੇਅਰ' ਦੇ ਮੁਖੀ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਬਠਿੰਡਾ ਖੇਤਰ ਵਿਚ ਪੈਂਦੇ ਮਸ਼ਹੂਰ ਪਿੰਡ ਪਿੱਥੋ ਦੇ ਤਿੰਨ ਨਾਮਧਾਰੀ ਸਿੰਘ - ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਰਾਏਕੋਟ ਬੁੱਚੜ-ਬੱਧ ਸਾਕੇ ਉਪਰੰਤ ਅੰਗ੍ਰੇਜ਼ੀ ਸਰਕਾਰ ਦੁਆਰਾ 5 ਅਗਸਤ 1871 ਈ. ਵਿਚ ਰਾਏਕੋਟ ਵਿਖੇ ਫਾਹੇ ਲਾਏ ਗਏ ਸਨ। ਉਹਨਾਂ ਦੀ ਯਾਦ ਵਿਚ ਡਾ. ਜੈਰੂਪ ਸਿੰਘ ਅਤੇ ਨਾਮਧਾਰੀ ਸ਼ਹੀਦ ਟਰੱਸਟ ਦੇ ਯਤਨਾਂ ਸਦਕਾ ਸੰਨ 2011 ਵਿਚ ਸਤਿਗੁਰੂ ਰਾਮ ਸਿੰਘ ਚੇਅਰ ਇਸ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਚ ਸਥਾਪਤ ਹੋ ਸਕੀ ਅਤੇ ਇਸ ਚੇਅਰ ਦਾ ਕਾਰਜ ਪਿਛਲੇ ਵਰ੍ਹੇ ਹੀ ਉਨ੍ਹਾਂ ਨੂੰ ਸੌਂਪਿਆ ਗਿਆ ਹੈ।

ਇਸ ਉਦਘਾਟਨੀ ਸਮਾਰੋਹ ਦਾ ਕੁੰਜੀਵਤ ਭਾਸ਼ਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਚੱਲ ਰਹੀ 'ਸਤਿਗੁਰੂ ਰਾਮ ਸਿੰਘ ਚੇਅਰ' ਦੇ ਸਾਬਕਾ ਮੁਖੀ ਡਾਕਟਰ ਜੋਗਿੰਦਰ ਸਿੰਘ ਨੇ ਦਿੱਤਾ। ਉਨ੍ਹਾਂ ਨੇ ਆਪਣੇ ਵੱਲੋਂ ਜੋ ਖੋਜ ਕੀਤੀ ਹੈ ਜਿਸਦੀ ਪੁਸਤਕ ਵੀ ਛਪਵਾਈ ਉਸ ਦੇ ਸੰਬੰਧ ਵਿੱਚ ਵਿਸਥਾਰ ਸਹਿਤ ਸ੍ਰੋਤਿਆਂ ਨੂੰ ਜਾਣਕਾਰੀ ਦਿੱਤੀ। ਹਾਲ ਸਾਰਾ ਵਿਦਿਆਰਥੀਆਂ ਤੇ ਨਾਮਧਾਰੀ ਸਿੱਖਾਂ ਨਾਲ ਖਚਾ-ਖਚ ਭਰਿਆ ਹੋਇਆ ਸੀ। ਡਾ. ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਖੋਜ ਦਾ ਕੰਮ ਇੱਕ ਨਿੱਕੇ ਜਿਹੇ ਪ੍ਰਸ਼ਨ ਨਾਲ ਆਰੰਭ ਹੋਇਆ- ਨਾਮਧਾਰੀ ਕੌਣ ਹਨ? ਇਹਨਾਂ ਦਾ ਧਾਰਮਿਕ, ਸਮਾਜਿਕ, ਸਭਿਆਚਾਰਕ ਪਿਛੋਕੜ ਕੀ ਹੈ? ਅਤੇ ਉਨ੍ਹਾਂ ਦਾ ਸਮਾਜ ਦੀ ਸਿਰਜਣਾ ਵਿਚ ਕੀ ਯੋਗਦਾਨ ਰਿਹਾ ਹੈ?

**ਡਾਕਟਰ ਹਰਮੋਹਿੰਦਰ ਸਿੰਘ ਬੇਦੀ:-** ਇਹ ਵਿਦਵਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਰਹਿ ਚੁੱਕੇ ਹਨ। ਬੇਦੀ ਸਾਹਿਬ ਨੇ ਸ੍ਰੋਤਿਆਂ ਨੂੰ ਦੱਸਿਆ ਕਿ ਉਨ੍ਹਾਂ ਦਾ ਵਾਹ ਅਧਿਕਤਰ ਹਿੰਦੀ ਅਤੇ ਭਾਰਤੀ ਭਾਸ਼ਾਵਾਂ ਨਾਲ ਰਿਹਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਤੋਂ ਬਾਹਰਲੇ ਯੂ. ਪੀ., ਬਿਹਾਰ, ਮਹਾਰਾਸ਼ਟਰ ਆਦਿ ਪ੍ਰਾਂਤਾ ਅੰਦਰ ਨਾਮਧਾਰੀ ਲਹਿਰ ਦੇ ਆਜ਼ਾਦੀ ਸੰਗ੍ਰਾਮ 'ਚ ਯੋਗਦਾਨ ਦਾ ਜ਼ਿਕਰ ਜਾਂ ਸੰਦਰਭ ਕਿਧਰੇ-ਕਿਧਰੇ ਉਨ੍ਹਾਂ ਪ੍ਰਾਂਤਾਂ ਦੇ ਸਾਹਿਤ ਵਿਚ ਮਿਲਦਾ ਹੈ। ਮੁਨਸ਼ੀ ਪ੍ਰੇਮ ਚੰਦ ਨੇ ਤਿੰਨ ਸੌ ਤੋਂ ਵੱਧ ਕਹਾਣੀਆਂ ਲਿਖੀਆਂ। ਉਨ੍ਹਾਂ ਦੀਆਂ ਦੋ ਕਹਾਣੀਆਂ ਵਿਚ (ਜਿਨ੍ਹਾਂ ਵਿੱਚੋਂ ਇਕ ਦਾ ਨਾਂ ਬੇਦੀ ਸਾਹਿਬ ਮੁਤਾਬਿਕ 'ਖਾਮੋਸ਼ੀ

ਦੀ ਦਾਸਤਾਨ' ਹੈ।) ਨਾਮਧਾਰੀ ਲਹਿਰ ਦਾ ਆਜ਼ਾਦੀ ਸੰਗ੍ਰਾਮ ਵਿਚ ਯੋਗਦਾਨ ਸੰਬੰਧੀ ਕੁਝ ਦ੍ਰਿਸ਼ਟਾਂਤ ਮਿਲਦੇ ਹਨ। ਮੁਨਸ਼ੀ ਪ੍ਰੇਮ ਚੰਦ ਦੀਆਂ ਕਾਫੀ ਕਹਾਣੀਆਂ ਦੇਸ਼ ਪ੍ਰੇਮ ਦੀਆਂ ਕਹਾਣੀਆਂ ਹਨ। 'ਮੇਰੇ ਦੇਸ਼ ਦੀ ਔਰਤ' ਕਹਾਣੀ ਵਿਚ ਜ਼ਿਕਰ ਹੈ ਕਿ ਇਕ ਸਿੱਖ ਪਰਿਵਾਰ ਬਨਾਰਸ ਵਿਚ ਵੱਸ ਗਿਆ ਹੈ ਜੋ ਨਾਮਧਾਰੀ ਪਹਿਰਾਵੇ ਵਾਲੇ ਬਸਤਰ ਪਹਿਨਦਾ ਹੈ। ਉਸ ਸਿਖ ਨੂੰ ਅੰਗ੍ਰੇਜ਼ ਪੁਲਿਸ ਇਕ ਵਾਰ ਗ੍ਰਿਫਤਾਰ ਕਰ ਲੈਂਦੀ ਹੈ। ਜੁਗਲ ਕਿਸ਼ੋਰ ਦੀਆਂ 'ਰਾਸ਼ਟਰ ਪ੍ਰੇਮ ਕੀ ਕਹਾਨੀਆਂ' ਵਿਚ ਵੀ ਅਛੋਪਲਾ ਜਿਹਾ ਜ਼ਿਕਰ ਨਾਮਧਾਰੀ ਲਹਿਰ ਬਾਰੇ ਮਿਲਦਾ ਹੈ। ਬੰਗਾਲੀ ਸਾਹਿਤ ਦੇ ਤਿੰਨ ਨਾਵਲ, ਜੋ ਹਿੰਦੀ ਵਿਚ ਅਨੁਵਾਦਿਤ ਕੀਤੇ ਹੋਏ ਮਿਲਦੇ ਹਨ, ਅੰਦਰ ਵੀ ਨਾਮਧਾਰੀ ਲਹਿਰ ਸਮੇਂ ਪ੍ਰਚਲਿਤ ਨਾਮਧਾਰੀ ਲੋਕ-ਬੋਲੀਆਂ, ਮੁਹਾਵਰੇ ਅਤੇ ਅਖਉਤਾਂ ਦਾ ਜ਼ਿਕਰ ਮਿਲਦਾ ਹੈ। 'ਮਲੇਰ ਕੋਟਲੇ ਦੇ ਸਾਕੇ' ਬਾਰੇ ਇਕ ਬੰਗਾਲੀ ਨਾਟਕ ਜੋ ਹਿੰਦੀ ਵਿਚ ਲਿਖਿਆ ਤੇ ਖੇਡਿਆ ਗਿਆ, ਉਸ ਵਿਚ ਇਕ ਪਾਤਰ ਨੇ ਨਾਮਧਾਰੀ ਬਾਣੇ ਵਿਚ ਹੀ ਆਪਣਾ ਅਭਿਨੈਯ ਕੀਤਾ। ਸੰਨ 1942 ਵਿਚ 'ਨਾਗਰੀ ਪ੍ਰਚਾਰਨੀ ਸਭਾ' ਵੱਲੋਂ ਰਾਸ਼ਟਰੀ ਪੱਧਰ ਦਾ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਦੱਸਿਆ ਗਿਆ ਸੀ ਕਿ ਇਕ ਰਾਸ਼ਟਰੀ ਹਿੰਦੀ ਸੰਮੇਲਨ ਨਾਮਧਾਰੀਆਂ ਦੇ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਜਾਵੇਗਾ। ਬੇਦੀ ਸਾਹਿਬ ਨੇ ਹਿੰਦੀ ਦੇ ਰਾਸ਼ਟਰੀ ਕਵੀ'ਮੈਥਿਲੀ ਸ਼ਰਣ ਗੁਪਤ' ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਆਪਣੀ ਪੁਸਤਕ 'ਗੁਰੂਕੁਲ' ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਆਜ਼ਾਦੀ ਸੰਗ੍ਰਾਮ ਦੇ ਮਿਸ਼ਨ ਬਾਬਤ ਇਕ ਲੰਮੀ ਕਵਿਤਾ ਲਿਖੀ ਸੀ। (ਇਸ ਕਵਿਤਾ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਮੈਥਿਲੀ ਸ਼ਰਣ ਗੁਪਤ ਜੀ ਨੂੰ ਝਾਂਸੀ ਨੇੜੇ ਉਨ੍ਹਾਂ ਦੇ ਪਿੰਡ 'ਚਿਰਗਾਂਵ' ਵਿਚ ਸੰਨ 1935 ਵਿਚ ਆਪ ਜਾ ਕੇ ਮਿਲੇ ਸਨ। -ਰਿਪੋਰਟ ਕਰਤਾ)

**ਪ੍ਰੋਫੈਸਰ ਗੁਰਿੰਦਰ ਸਿੰਘ ਮਾਨ:-** ਕੈਲੀਫੋਰਨੀਆਂ ਤੋਂ ਇਸ ਬਜ਼ੁਰਗ ਵਿਦਵਾਨ ਨੇ ਵਾਈਸ ਚਾਂਸਲਰ ਡਾਕਟਰ ਆਰ. ਕੇ. ਕੋਹਲੀ ਤੇ 'ਸਤਿਗੁਰੂ ਰਾਮ ਸਿੰਘ' ਚੇਅਰ ਮੁਖੀ ਡਾਕਟਰ ਕੁਲਦੀਪ ਸਿੰਘ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਯਤਨਾਂ ਨਾਲ ਬਠਿੰਡਾ ਵਿਖੇ ਇਹ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਬਰਿਲਜ਼ ਇਨਸਾਈਕਲੋਪੀਡੀਆ ਆਫ ਸਿੱਖਿਜ਼ਮ ਵਿਚ ਨਾਮਧਾਰੀਆਂ ਬਾਰੇ ਛਪੇ ਇਕ ਲੇਖ ਦਾ ਜ਼ਿਕਰ ਕੀਤਾ (ਉਹ ਪੁਸਤਕ ਵੇਖਣ ਤੇ ਪਤਾ ਲੱਗਾ ਕਿ ਇਹ ਲੇਖ ਡਾਕਟਰ ਜੋਗਿੰਦਰ ਸਿੰਘ ਸਾਬਕਾ ਮੁਖੀ 'ਸਤਿਗੁਰੂ ਰਾਮ ਸਿੰਘ ਚੇਅਰ' ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਲਿਖਿਆ ਹੋਇਆ ਹੈ।) ਪ੍ਰੋਫੈਸਰ ਮਾਨ ਸਾਹਿਬ ਨੇ ਆਪਣੀ Presentation slide projector ਰਾਹੀਂ ਮੰਚ ਉਪਰ ਲੱਗੀ screen ਤੇ ਦਿਖਾਈ ਜਿਸ ਵਿਚ ਉਨ੍ਹਾਂ ਸ੍ਰੀ ਭੈਣੀ ਸਾਹਿਬ ਦੇ ਸਾਰੇ ਪ੍ਰਮੁੱਖ ਸਥਾਨ ਰਾਮ ਮੰਦਰ, ਪ੍ਰਤਾਪ ਮੰਦਰ, ਗੋਲ ਮੰਦਰ, ਰਾਮ ਸਰੋਵਰ, ਆਦਿ ਦਿਖਾਏ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕੀਤੇ ਸੰਗੀਤ, ਖੇਡਾਂ ਅਤੇ ਬਾਗ਼ਬਾਨੀ, ਨਾਮਧਾਰੀ ਸੀਡਜ਼ ਬੰਗਲੌਰ ਆਦਿ ਅਤੇ ਨਾਮਧਾਰੀ ਮਰਿਯਾਦਾ ਤੋਂ ਵੀ ਸ੍ਰੋਤਿਆਂ ਨੂੰ ਜਾਣੂ ਕਰਵਾਇਆ। ਇਨ੍ਹਾਂ ਸਲਾਈਡਾਂ ਵਿਚ ਨਾਮਧਾਰੀ ਇਤਿਹਾਸ, ਸਿੱਖ ਪੰਥ ਨਾਲ ਨਾਮਧਾਰੀਆਂ ਦੇ ਸੰਬੰਧ, ਸ੍ਰੀ ਸਤਿਗੁਰੂ ਜੀ ਦਾ ਆਪਣਾ ਵਿਅਕਤੀਤਵ ਤੇ ਉਨ੍ਹਾਂ ਦੁਆਰਾ Environments ਤੇ ਸੰਸਾਰ ਅਮਨ ਸੰਬੰਧੀ ਕੀਤੇ ਕੰਮਾਂ ਦੀ ਜਾਣਕਾਰੀ ਵੀ ਸ੍ਰੋਤਿਆਂ ਨੂੰ ਦਿੱਤੀ।

**ਡਾਕਟਰ ਐਸ. ਪੀ. ਸਿੰਘ:-** ਡਾ. ਐਸ. ਪੀ. ਸਿੰਘ ਨੇ ਆਪਣੇ ਲੈਕਚਰ ਵਿੱਚ ਸੰਨ 1947 ਤੋਂ ਪਹਿਲਾਂ ਤੇ ਬਾਅਦ ਦੇ ਨਾਮਧਾਰੀ ਇਤਿਹਾਸ ਸੰਬੰਧੀ ਸੰਖੇਪ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਨਾਮਧਾਰੀ ਸੋਚ, ਵਿਚਾਰਧਾਰਾ ਅਤੇ ਜੀਵਨ-ਜਾਚ ਨੂੰ ਸਾਰੇ ਸੰਸਾਰ ਅੰਦਰ ਫੈਲਾਉਣ ਦੀ ਜ਼ਰੂਰਤ ਹੈ।

**ਸੁਰਿੰਦਰ ਸਿੰਘ ਨਾਮਧਾਰੀ** ਨੇ ਦੱਸਿਆ ਕਿ 2015-16 ਵਿਚ ਇਹ ਚੇਅਰ ਸਥਾਪਤ ਹੋਈ। ਮੰਤਵ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਅਤੇ ਜੀਵਨ ਸਿਧਾਂਤਾਂ ਨੂੰ ਸਾਰੇ ਸੰਸਾਰ ਅੰਦਰ ਫੈਲਾਇਆ ਜਾ ਸਕੇ। ਇਸ ਵੱਡ-ਆਕਾਰੀ ਕਾਰਜ ਵਿਚ ਯੂਨੀਵਰਸਿਟੀਆਂ ਵਰਗੇ ਵੱਡੇ ਵਿਦਿਆ ਅਦਾਰੇ, ਉਨ੍ਹਾਂ ਵਿਚ ਚੇਅਰਾਂ ਦੇ ਰੂਪ 'ਚ ਸਥਾਪਤ ਸਟਡੀ ਸੈਂਟਰ ਬਹੁਤ ਯੋਗਦਾਨ ਪਾ ਸਕਦੇ ਹਨ।

**ਸ੍ਰੀ ਸਤਿਗੁਰੂ ਉਦੇ ਸਿੰਘ ਜੀ :-** ਪ੍ਰੋ. ਜੁਗਿੰਦਰ ਸਿੰਘ ਹੁਰਾਂ ਦਾ ਲੈਕਚਰ ਜਾਰੀ ਹੀ ਸੀ ਜਦੋਂ ਸਤਿਗੁਰਾਂ ਨੇ ਹਾਲ ਵਿਚ ਦਰਸ਼ਨ ਦਿੱਤੇ। ਸਾਰੇ ਵਿਦਵਾਨਾਂ ਤੇ ਸ੍ਰੋਤਿਆਂ ਨੇ ਖੜੇ ਹੋ ਕੇ ਆਪ ਜੀ ਦਾ ਸੁਆਗਤ ਕੀਤਾ। ਆਪ ਮੰਚ ਦੇ ਵਿਚਕਾਰ ਕੁਰਸੀ ਤੇ ਸੁਸ਼ੋਭਿਤ ਹੋਏ। ਸ੍ਰੀ ਸਤਿਗੁਰੂ ਜੀ ਨੇ ਪ੍ਰੋ. ਆਰ. ਕੇ. ਕੋਹਲੀ ਨੂੰ (ਜੋ ਆਪ ਜੀ ਦਾ ਪ੍ਰਵਚਨ-ਲੈਕਚਰ ਬੜੇ ਧਿਆਨ ਨਾਲ ਸਰਵਣ ਕਰ ਰਹੇ ਸਨ) ਵਿਸ਼ਵਾਸ ਦਿਵਾਇਆ ਕਿ ਅਸੀਂ ਨਾਮਧਾਰੀ ਸਮੁੱਚੇ ਸਿੱਖ ਪੰਥ ਤੋਂ ਨਾ ਤਾਂ ਵੱਖਰਾ ਹੋਣਾ ਚਾਹੁੰਦੇ ਹਾਂ ਅਤੇ ਨਾ ਹੀ ਵੱਖਰੇ ਹਾਂ ਕਿਉਂਕਿ ਗੁਰਬਾਣੀ ਸਾਨੂੰ ਸਭ ਨੂੰ ਆਪਣੀ ਗਲਵਕੜੀ ਵਿਚ ਲੈ ਲੈਂਦੀ ਹੈ। ਗੁਰਸਿੱਖੀ ਸਾਨੂੰ ਸਭ ਤੋਂ ਪਹਿਲੋਂ ਚੰਗੇ ਮਨੁੱਖ ਬਣਾਉਂਦੀ ਹੈ। ਗੁਰਬਾਣੀ ਜੀਵਨ ਜਿਉਣ ਦਾ ਸਹੀ ਤੇ ਸੱਚਾ-ਸੁੱਚਾ ਰਸਤਾ ਦੱਸਦੀ ਹੈ। ਇਹ ਸਾਨੂੰ ਹੈਵਾਨ ਤੋਂ ਇਨਸਾਨ, ਇਨਸਾਨ ਤੋਂ ਸੰਤ ਤੇ ਸੰਤ ਤੋਂ ਪਰਮਾਤਮਾ ਨਾਲ ਇੱਕ-ਮਿੱਕ ਹੋਣ ਦਾ ਰਾਹ ਦਿਖਾਉਂਦੀ ਹੈ। ਗੁਰਬਾਣੀ ਆਸ਼ੇ ਅਨੁਸਾਰ ਜਿਉਣ ਨਾਲ ਸਭ ਝਗੜੇ ਮੁੱਕ ਸਕਦੇ ਹਨ। ਭਗਤਾਂ ਦੀ ਬਾਣੀ ਨੂੰ ਸ੍ਰੀ ਗ੍ਰੰਥ ਸਾਹਿਬ ਅੰਦਰ ਸੰਮਿਲਿਤ ਕਰਨ ਪਿਛੇ ਸਤਿਗੁਰੂ ਸਾਹਿਬਾਨ ਦਾ ਸੰਕਲਪ ਹੀ ਇਹੀ ਹੈ ਕਿ ਉਸ ਪਰਮਾਤਮਾ ਤੋਂ ਬਿਨਾਂ ਦੂਜਾ ਕੋਈ ਹੈ ਹੀ ਨਹੀਂ। 'ਹਰਿ ਜਨ ਹਰਿ ਅੰਤਰ ਨਹੀ ਨਾਨਕ ਸਾਚੀ ਮਾਨ' ਅਨੁਸਾਰ ਹਰੀ ਤੇ ਹਰੀ

ਦੇ ਜਨ ਇਕੋ ਹੀ ਹਨ। ਝਗੜੇ ਉਦੋਂ ਖੜ੍ਹੇ ਹੁੰਦੇ ਹਨ ਜਦੋਂ ਧਰਮ Radicalism ਜਾਂ ਕੱਟੜਵਾਦ ਵੱਲ ਚਲਾ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਆਦਰਸ਼ ਮੰਨਿਆ। ਦਸ਼ਮੇਸ਼ ਜੀ ਨੇ ਭਾਈਆਂ ਨੂੰ ਅੰਮ੍ਰਿਤ ਛਕਾਇਆ ਪਰੰਤੂ ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਵੀ ਅੰਮ੍ਰਿਤ ਛਕਾ ਉਨ੍ਹਾਂ ਨੂੰ ਬਰਾਬਰ ਦੇ ਭਾਈਵਾਲ ਬਣਾ ਦਿੱਤਾ ਕਿਉਂਕਿ ਬੀਬੀਆਂ ਨੂੰ ਸੁਤੰਤਰਤਾ ਤੇ ਬਰਾਬਰਤਾ ਦੇ ਦਰਜਾ ਦਿੱਤੇ ਬ਼ਗੈਰ ਚੰਗੇਰੇ ਮਨੁੱਖੀ ਸਮਾਜ ਨੂੰ ਚਿਤਵਿਆ ਵੀ ਨਹੀਂ ਜਾ ਸਕਦਾ। ਸਤਿਗੁਰੂ ਰਾਮ ਸਿੰਘ ਜੀ ਨੇ ਬੜੇ ਜ਼ੋਰ ਨਾਲ ਕੁੜੀਆਂ ਦਾ ਮਾਰਨਾ, ਵੇਚਣਾ, ਵੱਟਾ ਕਰਨਾ, ਬਾਲ-ਵਿਆਹ ਆਦਿ ਦੀਆਂ ਪਰਵਿਰਤੀਆਂ ਦੇ ਕੋਹੜ ਨੂੰ ਸਿੱਖ ਸਮਾਜ ਦੀ ਸੋਚ ਵਿਚੋਂ ਬਾਹਰ ਕੱਢਿਆ, ਵਿਧਵਾ ਵਿਵਾਹਾਂ ਦੀ ਖੁੱਲ੍ਹ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿਚ ਲਿਖਦੇ ਹਨ:- "ਔਰਤ ਦੇ ਗੁਣ ਤਾਂ ਮੇਰੇ ਤੇ ਕਹੇ ਨਹੀ ਜਾਂਦੇ।" ਸਤਿਗੁਰਾਂ ਨੇ ਬੀਬੀਆਂ ਨੂੰ ਸੂਬਾ ਬਣਾਇਆ। ਜੇ ਅਸੀ ਚੰਗੇ ਸਿੱਖ ਬਣੀਏ ਤਾਂ ਸਾਡਾ ਭਵਿੱਖ ਉੱਜਲ ਬਣੇਗਾ। ਸਤਿਗੁਰੂ ਰਾਮ ਸਿੰਘ ਜੀ ਦਾ ਦਰਸਨ (Vision) ਸਰਲ ਤੇ ਸਪਸ਼ਟ ਹੁੰਦੇ ਹੋਏ ਵੀ ਆਪਣੇ ਸਮੇਂ ਵਾਸਤੇ ਬੜਾ ਨਿਵੇਕਲਾ ਸੀ ਅਤੇ ਅਜੋਕੇ ਸਮੇਂ ਵਿਚ ਉਨ੍ਹਾਂ ਹੀ ਸਾਰਥਕ ਤੇ ਮਹੱਤਵਪੂਰਨ ਹੈ।ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਵਾਸਤੇ ਜੂਝ ਰਹੀਆਂ ਸਾਰੀਆਂ ਜਥੇਬੰਦੀਆਂ ਅਤੇ ਲਹਿਰਾਂ ਨੂੰ ਸਹਿਯੋਗ ਦਿੱਤਾ ਕਿਉਂਕਿ ਗੁਰੂ ਨਾਨਕ ਦੀ ਸਿੱਖੀ ਸਭ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ।

**ਪ੍ਰੋਫੈਸਰ ਆਰ. ਕੇ. ਕੋਹਲੀ,** ਵਾਈਸ ਚਾਂਸਲਰ ਕੇਂਦਰੀ ਯੂਨੀਵਰਸਿਟੀ ਪੰਜਾਬ,ਬਠਿੰਡਾ :- ਵੀ. ਸੀ. ਸਾਹਿਬ ਨੇ ਸਤਿਗੁਰੂ ਉਦੇ ਸਿੰਘ ਜੀ ਪ੍ਰਤੀ ਕ੍ਰਿਤਗਤਾ ਪ੍ਰਗਟਾਈ ਕਿ ਆਪ ਜੀ ਨੇ ਸਾਡੀ ਯੂਨੀਵਰਸਿਟੀ 'ਚ ਆਪਣੇ ਮੁਬਾਰਕ ਚਰਨ ਪਾਏ ਅਤੇ ਇਹ ਸਾਡੇ ਵਾਸਤੇ ਬਹੁਤ ਮਾਣ ਵਾਲੀ ਗੱਲ ਹੈ। ਸਤਿਗੁਰੂ ਰਾਮ ਸਿੰਘ ਜੀ ਚੇਅਰ ਨੂੰ ਸਥਾਪਤ ਹੋਏ ਕੁਝ ਵਰ੍ਹੇ ਗੁਜ਼ਰ ਗਏ ਪ੍ਰੰਤੂ ਇਸ ਨੂੰ ਅਸਰਦਾਰ ਬਣਾਉਣ ਦਾ ਸਮਾਂ ਹੁਣ ਹੀ ਬਣਿਆ। ਮੈਂ ਦਿਲੋਂ ਚਾਹੁੰਦਾ ਹਾਂ ਕਿ ਦੋਹਾਂ ਚੇਅਰਾਂ (ਗੁਰੂ ਗੋਬਿੰਦ ਸਿੰਘ ਚੇਅਰ ਅਤੇ ਗੁਰੂ ਰਾਮ ਸਿੰਘ ਚੇਅਰ) ਤੋਂ ਏਨਾਂ ਕੰਮ ਹੋਵੇ ਕਿ UGC ਗੁਰੂ ਨਾਨਕ ਚੇਅਰ ਵੀ ਏਥੇ ਸਥਾਪਿਤ ਕਰਨ ਦੀ ਆਗਿਆ ਦੇ ਦੇਵੇ। ਕਰਨ ਵਾਲਾ ਕੰਮ ਬਹੁਤ ਹੈ, ਪ੍ਰੋ. ਕੁਲਦੀਪ ਸਿੰਘ ਜੀ, ਤੁਹਾਡੇ ਪਾਸ ਸਾਹ ਲੈਣ ਦਾ ਵਕਤ ਨਹੀਂ। ਚੇਅਰ ਮੁਖੀ ਇਕ ਰੋਡਮੈਪ ਬਣਾਉਣ ਅਤੇ ਪੂਰੀ ਤਨਦੇਹੀ ਨਾਲ ਕੰਮ ਅਰੰਭ ਕਰ ਦੇਣ। ਅਸੀਂ ਅਜਿਹੇ ਕੰਮ ਕਰਕੇ ਜਾਈਏ ਕਿ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਸਾਡੇ ਕੰਮ ਮਾਰਗ ਦਰਸ਼ਕ ਬਣ ਜਾਣ। ਪਰੰਤੂ ਇਸ ਗਲ ਦਾ ਧਿਆਨ ਵੀ ਜ਼ਰੂਰ ਰਖਿਆ ਜਾਵੇ ਕਿ ਸਾਡੀ ਯੂਨਿਵਰਸਿਟੀ ਦਾ ਨਾਂ ਕਿਸੇ Controversy ਭਾਵ ਵਾਦ-ਵਿਵਾਦ ਵਿਚ ਨਾ ਆਵੇ। ਮੈਂ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਰਾਮ ਸਿੰਘ ਚੇਅਰ ਸਫਲਤਾ ਪੂਰਵਕ ਕੰਮ ਕਰੇ।

**ਪ੍ਰੋਫੈਸਰ ਕੁਲਦੀਪ ਸਿੰਘ** ਨੇ Vote Of Thanks ਰਾਹੀਂ ਉਦਘਾਟਨੀ ਸਮਾਰੋਹ ਵਿਚ ਮੰਚ ਤੇ ਸ਼ੁਸ਼ੋਭਿਤ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਅਤੇ ਵਿਦਵਾਨਾਂ, ਵਿਦਿਆਰਥੀਆਂ ਅਤੇ ਹੋਰ ਸ੍ਰੋਤਿਆਂ ਨੂੰ ਚਾਹ ਵਾਸਤੇ ਆਮੰਤ੍ਰਿਤ ਕੀਤਾ। ਜਿਸਦਾ ਪ੍ਰਬੰਧ ਆਡੀਟੋਰਿਅਮ ਤੋਂ ਬਾਹਰ ਕੀਤਾ ਗਿਆ ਸੀ। ਚਾਹ ਉਪਰੰਤ ਹੋਣ ਵਾਲੇ ਇਸ ਸੈਮੀਨਾਰ ਦੇ ਪਹਿਲੇ ਸੈਸ਼ਨ ਦਾ ਐਲਾਨ ਵੀ ਕਰ ਦਿੱਤਾ ਗਿਆ।

ਪਹਿਲੇ ਸੈਸ਼ਨ ਦੇ ਵਿਦਵਾਨ ਬੁਲਾਰੇ ਸਨ— ਸ. ਸੁਵਰਨ ਸਿੰਘ ਵਿਰਕ, ਪ੍ਰੋਫੈਸਰ ਸੁਰਜੀਤ ਸਿੰਘ ਭੱਟੀ ਪੰਜਾਬ ਯੂਨੀਵਰਸਿਟੀ ਪਟਿਆਲਾ, (ਬੀਬੀ) ਡਾਕਟਰ ਬਾਬੂਸ਼ਾ, ਡਾਕਟਰ ਤਰੁਨ ਅਰੋੜਾ, ਅਤੇ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ। ਇਸ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਗੁਰਿੰਦਰ ਸਿੰਘ ਮਾਨ ਨੇ ਕੀਤੀ।

**ਸ੍ਰ. ਸੁਵਰਨ ਸਿੰਘ ਵਿਰਕ** :- ਇਨ੍ਹਾਂ ਦਾ ਪਰਚਾ 'ਕੂਕਾ ਅੰਦੋਲਨ ਦਾ ਪੰਜਾਬੀ ਸਾਹਿਤ: ਵਿਰਸਾ ਅਤੇ ਵਰਤਮਾਨ' ਵਿਸ਼ੇ ਉਪਰ ਸੀ। ਵਿਰਕ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਸਮਾਨਤਾ ਵਾਲੀ ਇਸ ਗੱਲ ਨੂੰ ਉਜਾਗਰ ਕੀਤਾ ਕਿ ਦਸਮੇਸ਼ ਜੀ ਮਸੰਦਾਂ ਨੂੰ ਵੰਗਾਰਦੇ ਹਨ ਤੇ ਉਨ੍ਹਾਂ ਤੋਂ ਸਿੱਖ ਪੰਥ ਦੀ ਬੰਦ-ਖਲਾਸੀ ਕਰਵਾਉਂਦੇ ਹਨ ਅਤੇ ਸਤਿਗੁਰੂ ਰਾਮ ਸਿੰਘ ਜੀ ਗੁਰਦੁਆਰਿਆਂ ਉਪਰ ਕਾਬਜ਼ ਮਹੰਤਾਂ ਪੁਜਾਰੀਆਂ ਵਿਰੁੱਧ ਆਪਣਾ ਸੰਗ੍ਰਾਮ ਵਿੱਢਦੇ ਹਨ। ਕਿਉਂਕਿ ਇਹ ਪੁਜਾਰੀ ਲੋਕ ਅੰਗ੍ਰੇਜ਼ੀ ਸਰਕਾਰ ਦੀ ਸਰਪਰਸਤੀ ਵਿਚ ਸਿੱਖ ਧਰਮ-ਅਸਥਾਨਾਂ ਵਿਚ ਆਪਣੀਆਂ ਮਨ ਆਈਆਂ ਕਰ ਰਹੇ ਸਨ ਅਤੇ ਮਰਿਯਾਦਾ-ਹੀਣ ਕੰਮ ਕਰਦੇ ਸਨ। ਵਿਰਕ ਜੀ ਨੇ ਸੰਤੋਖ ਸਿੰਘ ਬਾਹੋਵਾਲ ਦੇ ਲਿਖੇ 'ਸਤਿਗੁਰੂ ਬਿਲਾਸ' ਆਲਿਮ ਜੀ ਤੇ ਚਕ੍ਰਵਰਤੀ ਜੀ ਦੀਆਂ ਲਿਖਤਾਂ ਦਾ ਵੀ ਜ਼ਿਕਰ ਕੀਤਾ ਕਿ ਇਹ ਪੁਸਤਕਾਂ ਨਾਮਧਾਰੀ ਇਤਿਹਾਸ ਨੂੰ ਕਿਵੇਂ ਉਜਾਗਰ ਕਰਦੀਆਂ ਹਨ। ਆਪ ਜੀ ਨੇ ਆਜ਼ਾਦੀ ਤੋਂ ਬਾਅਦ ਦੇ ਤਰਨ ਸਿੰਘ 'ਵਹਿਮੀ', ਪ੍ਰੀਤਮ ਸਿੰਘ 'ਕਵੀ', ਮਾਸਟਰ ਨਿਹਾਲ ਸਿੰਘ, ਡਾਕਟਰ ਅਮਰ ਭਾਰਤੀ, ਬੀਬੀ ਬੇਅੰਤ ਕੌਰ ਅਤੇ ਤਾਰਾ ਸਿੰਘ ਅਨਜਾਣ ਦੀਆਂ ਲਿਖਤਾਂ ਦਾ ਵੀ ਜ਼ਿਕਰ ਕੀਤਾ। ਵਿਰਕ ਜੀ ਨੇ ਦੱਸਿਆ ਕਿ ਕੂਕਿਆਂ ਦਾ ਸਾਹਿਤ ਵੇਲੇ ਦੀਆਂ ਜਾਬਰ ਹਕੂਮਤਾਂ ਨਾਲ ਲੜਾਈ ਲੜਦਾ ਆਇਆ ਹੈ ਅਤੇ ਵਰਤਮਾਨ ਸਮੇਂ ਵਿਚ ਅਮਨ ਤੇ ਸ਼ਾਂਤੀ ਦੇ ਨਮਿੱਤ, ਸਾਂਝੀਵਾਲਤਾ ਤੇ ਭਾਈਚਾਰਕ ਸਦਭਾਵਨਾ ਨੂੰ ਕਾਇਮ ਕਰਨ ਵਿਚ ਸਾਰੇ ਨਾਮਧਾਰੀ ਲੇਖਕ ਸਫ਼ਲ ਰਹੇ ਹਨ।

**ਡਾਕਟਰ ਸੁਰਜੀਤ ਸਿੰਘ ਭੱਟੀ:-** ਆਪ ਜੀ ਨੇ ਦੱਸਿਆ ਕਿ ਮਲੇਰਕੋਟਲਾ ਸਾਕੇ ਵਿੱਚ ਸ਼ਾਮਿਲ ਹੋਏ ਇੱਕ ਵੀ

ਕੂਕੇ ਸਿੱਖ ਨੇ ਅੰਗ੍ਰੇਜ਼ਾਂ ਪਾਸੋਂ ਮਾਫੀ ਨਹੀਂ ਮੰਗੀ ਸਗੋਂ ਉਨ੍ਹਾਂ ਨੇ ਅੰਗ੍ਰੇਜ਼ੀ ਸਰਕਾਰ ਤੇ ਉਨ੍ਹਾਂ ਦੇ ਅਧੀਨ ਰਾਜਿਆਂ-ਰਜਵਾੜਿਆਂ ਨੂੰ ਚੈਲੇਂਜ ਕੀਤਾ।

**ਡਾਕਟਰ ਬਾਬੂਸ਼ਾ:-** ਇਸ ਵਿਦੂਸ਼ੀ ਬੀਬੀ ਨੇ ਕਿਹਾ ਕਿ ਨਾਮਧਾਰੀ ਸਮਾਜ ਵਿੱਚ ਨਾਮਧਾਰੀ ਸਤਿਗੁਰੂਆਂ ਵੱਲੋਂ ਔਰਤਾਂ, ਲੜਕੀਆਂ, ਬੀਬੀਆਂ ਨੂੰ ਬਹੁਤ ਸਾਰੀਆਂ ਸੁਤੰਤਰਤਾਵਾਂ ਤੇ ਬਰਾਬਰੀ ਦੇ ਅਧਿਕਾਰ ਦਿੱਤੇ ਜਾਣ ਦੇ ਬਾਵਜੂਦ ਨਾਮਧਾਰੀ ਸਮਾਜ ਦੀ ਔਰਤ ਨੂੰ ਦਿੱਤੀ ਗਈ ਸੁਤੰਤਰਤਾ ਤੇ ਬਰਾਬਰੀ ਅਜੇ ਸੀਮਤ ਹੈ। ਇਸਦਾ ਦਾਇਰਾ ਵਧਾਉਣ ਦੀ ਸਖ਼ਤ ਜ਼ਰੂਰਤ ਹੈ ਤਾਂ ਹੀ ਇਕ ਸੂਝਵਾਨ ਸਿੱਖ-ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

**ਡਾਕਟਰ ਤਰੁਨ ਅਰੋੜਾ:-** ਇਹ ਵਿਦਵਾਨ 'ਸਮਤਾ ਮੂਲਕ ਸਮਾਜ ਵਿਚ ਨਾਮਧਾਰੀ ਪੰਥ ਦਾ ਯੋਗਦਾਨ' ਵਿਸ਼ੇ ਤੇ ਬੋਲੇ। ਇਨ੍ਹਾਂ ਕਿਹਾ ਕਿ ਗੁਰਬਾਣੀ ਦੇ ਸੰਦਰਭ ਪੁਰਾਣੇ ਹੋਣ ਦੇ ਬਾਵਜੂਦ ਅੱਜ ਦੇ ਵਰਤਮਾਨ ਸਮੇਂ ਵਿਚ ਵੀ ਪ੍ਰਾਸੰਗਿਕ ਹਨ। ਸਤਿਗੁਰੂ ਰਾਮ ਸਿੰਘ ਜੀ ਦੀਆਂ ਚਿੱਠੀਆਂ (ਹੁਕਮਨਾਮਿਆਂ) ਵਿਚ Social Justice (ਔਰਤਾਂ ਦੀ ਸੁਤੰਤਰਤਾ ਤੇ ਬਰਾਬਰੀ), ਚੋਰੀ, ਧੋਖਾ, ਵੱਢੀ ਦੇ ਵਿਰੁੱਧ ਤੇ ਹੱਕ-ਸੱਚ ਦੀ ਪ੍ਰਫ਼ੁੱਲਤਾ ਵਿਚ ਉਪਦੇਸ਼ ਕੀਤੇ ਗਏ ਹਨ ਜੋ ਅੱਜ ਦੇ ਦਿਸ਼ਾਹੀਣ ਸਮਾਜ ਵਾਸਤੇ ਅਤੀ ਪ੍ਰਸੰਗਿਕ ਤੇ ਸੇਧ ਦੇਣ ਵਾਲੇ ਹਨ।

**ਸ. ਜਸਵਿੰਦਰ ਸਿੰਘ ਹਿਸਟੋਰੀਅਨ:-** ਇਨ੍ਹਾਂ ਨੇ ਨਾਮਧਾਰੀ ਇਤਿਹਾਸਕਾਰੀ (Historiography) ਦੇ ਸੰਬੰਧ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਆਪ ਨੇ ਨਾਮਧਾਰੀ ਇਤਿਹਾਸ ਦੇ ਵੱਖ-ਵੱਖ ਪੜਾਵਾਂ ਉਪਰ ਪੰਛੀ-ਝਾਤ ਪਾਈ।

ਇਸ ਸੈਸ਼ਨ ਨੂੰ ਡਾ. ਗੁਰਿੰਦਰ ਸਿੰਘ ਮਾਨ ਨੇ (ਆਪਣੇ ਸੰਖੇਪ ਸ਼ਬਦਾਂ ਵਿਚ) ਇਸ ਸੈਸ਼ਨ ਦੇ ਬੁਲਾਰਿਆਂ ਦੀ ਕਥਨੀ ਦਾ ਸਾਰ ਦੱਸਦਿਆਂ ਵਿਦਵਾਨਾਂ ਦਾ ਧੰਨਵਾਦ ਕੀਤਾ। ਇਸ ਉਪਰੰਤ ਵਿਦਵਾਨਾਂ ਤੇ ਸਰੋਤਿਆਂ ਨੂੰ ਦੁਪਹਿਰ ਦੇ ਭੋਜਨ ਵਾਸਤੇ ਆਮੰਤ੍ਰਿਤ ਕੀਤਾ ਗਿਆ।

ਇਸ ਸੈਮੀਨਾਰ ਦੇ ਅੰਤਿਮ ਸੈਸ਼ਨ ਵਿਚ ਹਰਪਾਲ ਸਿੰਘ ਸੇਵਕ, ਬੀਬੀ (ਸੂਬਾ) ਸੁਰਿੰਦਰ ਕੌਰ ਖਰਲ, ਇਤਿਹਾਸਕਾਰ ਸਵਰਨ ਸਿੰਘ ਸਨੇਹੀ ਦਵਿੰਦਰ ਸਿੰਘ ਗਿੱਲ ਜੀਆ ਨੱਥਾ, ਨੌਜਵਾਨ ਡਾ.ਆਲਾ ਸਿੰਘ ਅਤੇ ਡਾ. ਸੁਖਦੇਵ ਸਿੰਘ ਸਿਰਸਾ ਨੇ ਹਿੱਸਾ ਲਿਆ ਅਤੇ ਆਪੋ ਆਪਣੇ ਵੱਲੋਂ ਲਿਖੇ ਪਰਚਿਆਂ ਦਾ ਸੰਖੇਪ ਪਰ ਲੋੜੀਂਦਾ ਵਿਵਰਣ ਪੇਸ਼ ਕੀਤਾ।

**ਹਰਪਾਲ ਸਿੰਘ ਸੇਵਕ-** ਇਨ੍ਹਾਂ ਦੇ ਪਰਚੇ ਦਾ ਵਿਸ਼ਾ ਸੀ ਸੰਗੀਤ ਦੇ ਵਿਕਾਸ ਵਿਚ ਨਾਮਧਾਰੀਆਂ ਦਾ ਯੋਗਦਾਨ। ਇਨ੍ਹਾਂ ਦੱਸਿਆ ਕਿ ਗੁਰਮਤਿ ਸੰਗੀਤ ਦਾ ਆਧਾਰ ਸ਼ਾਸਤਰੀ ਸੰਗੀਤ ਹੈ। ਸੰਗੀਤ ਇਕ ਦੈਵੀ ਕਲਾ ਹੈ, ਕੁਦਰਤ ਦਾ ਅਨਹਦ ਨਾਦ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਪੌਣ, ਪਾਣੀ, ਬੈਸੰਤਰ ਲੈ-ਮਈ ਸੰਗੀਤ ਗਾ ਰਹੇ ਹਨ। ਗੁਰੂ ਸਾਹਿਬ ਨੇ ਆਦਿ-ਜੁਗਾਦੀ ਸੱਚ ਨੂੰ ਸੰਗੀਤ ਨਾਲ ਜੋੜਿਆ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਸੂਤਰਧਾਰ ਸੰਗੀਤ ਹੈ। ਇਹ ਬਾਣੀ ਸੰਗੀਤ ਤੇ ਸਾਹਿਤ ਦਾ ਸੁਮੇਲ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਕਿਹਾ ਕਰਦੇ ਸਨ ਕਿ ਹਰ ਸਿੱਖ ਬੱਚੇ 'ਚੋਂ ਸੰਗੀਤ ਦੀ ਕੁਝ ਨਾ ਕੁਝ ਖੁਸ਼ਬੂ ਆਉਣੀ ਚਾਹੀਦੀ ਹੈ। ਨਾਮਧਾਰੀਆਂ ਨੇ ਹੋਰਨਾਂ ਖੇਤਰਾਂ ਵਿਚ ਤਰੱਕੀ ਦੇ ਨਾਲ-ਨਾਲ ਸੰਗੀਤ ਵਿਚ ਵੀ ਆਪਣੀ ਉੱਚ-ਪੱਧਰੀ ਪਹਿਚਾਣ ਬਣਾਈ ਹੈ। ਸਤਿਗੁਰੂ ਜਗਜੀਤ ਸਿੰਘ ਜੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਪੁਲ ਬਣੇ। ਭਾਈ ਜਵਾਲਾ ਸਿੰਘ ਦੇ ਸਪੁੱਤਰ, ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ ਨੇ 'ਕੀਰਤਨ ਨਿਰਮੋਲਕ ਹੀਰਾ' ਪੁਸਤਕ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਨੂੰ ਦੇਣ ਬਾਰੇ ਬਾਖ਼ੂਬ ਸਲਾਹਿਆ ਹੈ। ਉਸਤਾਦ ਅਮਜਦ ਅਲੀ ਖਾਂ ਅਨੁਸਾਰ "ਸੰਗੀਤ ਦੀ ਸੇਵਾ ਯਾ ਤੋ ਕੋਈ ਫ਼ਕੀਰ ਕਰ ਸਕਤਾ ਹੈ ਯਾ ਫਿਰ ਬਾਦਸ਼ਾਹ। ਸਤਿਗੁਰੂ ਜਗਜੀਤ ਸਿੰਘ ਜੀ ਫ਼ਕੀਰ ਭੀ ਹੈਂ ਔਰ ਬਾਦਸ਼ਾਹ ਭੀ। ਇਨਹੋਂ ਨੇ ਸੰਗੀਤ ਕੀ ਬੇ-ਮਿਸਾਲ ਸੇਵਾ ਕੀ ਹੈ"।

**ਬੀਬੀ (ਸੂਬਾ) ਸੁਰਿੰਦਰ ਕੌਰ ਖਰਲ-** ਇਨ੍ਹਾਂ ਦਾ ਵਿਸ਼ਾ ਸੀ ਖੇਤੀ ਬਾੜੀ ਤੇ ਬਾਗ਼ਬਾਨੀ ਖੇਤਰ ਵਿਚ ਨਾਮਧਾਰੀਆਂ ਦਾ ਯੋਗਦਾਨ। ਸੂਬਾ ਖਰਲ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸ ਰੁਚੀ ਅਤੇ ਇਸ ਖੇਤਰ ਵਿਚ ਨਵੇਂ-ਨਵੇਂ ਪ੍ਰਯੋਗਾਂ ਦਾ ਵਰਣਨ ਕੀਤਾ ਜਿਵੇਂ ਸ੍ਰੀ ਜੀਵਨ ਨਗਰ ਤੇ ਆਸ-ਪਾਸ ਦੇ ਇਲਾਕੇ ਵਿੱਚ ਮਾਰੂ-ਭੂਮੀ ਅੰਦਰ ਅੰਗੂਰਾਂ, ਕਿੰਨੂਆਂ ਅਤੇ ਬੇਰਾਂ ਆਦਿ ਦੀ ਖੇਤੀ ਨੂੰ ਵਿਕਸਿਤ ਕਰਨਾ। ਇਸੇ ਪ੍ਰਯੋਗ ਵਿੱਚੋਂ ਉਨ੍ਹਾਂ ਨੇ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਰਾਹੀਂ 'ਨਾਮਧਾਰੀ ਸੀਡਜ਼' ਵਰਗੀ ਅੰਤਰ-ਰਾਸ਼ਟਰੀ ਪੱਧਰ ਦੀ ਕੰਪਨੀ ਨੂੰ ਸਥਾਪਤ ਕੀਤਾ।

**ਸਵਰਨ ਸਿੰਘ ਸਨੇਹੀ-** ਇਨ੍ਹਾਂ ਦਾ ਪੇਪਰ ਅੰਗਰੇਜ਼ੀ ਵਿਚ ਲਿਖਿਆ 'Vegetarianism Among Namdharis' ਸੀ ਪਰ ਸਰੋਤਿਆਂ ਨੂੰ ਮੁੱਖ ਰੱਖਦੇ ਹੋਏ ਇਸ ਵਿਦਵਾਨ ਨੇ ਆਪਣੇ ਨੁਕਤੇ ਪੰਜਾਬੀ ਵਿਚ ਬੋਲ ਕੇ ਹੀ ਬਿਆਨ ਕੀਤੇ। ਸਨੇਹੀ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਸ਼ੁਰੂ ਕਰਕੇ ਸਤਿਗੁਰੂ ਪ੍ਰਤਾਪ ਸਿੰਘ, ਮਹਾਰਾਜ ਗੁਰਦਿਆਲ ਸਿੰਘ ,ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਸ੍ਰ. ਆਤਮਾ ਸਿੰਘ ਰਾਵਲ ਪਿੰਡੀ, ਸੰਤ ਇੰਦਰ ਸਿੰਘ ਚੱਕਰਵਰਤੀ, ਅਤੇ ਸੰਤ ਨਿਧਾਨ ਸਿੰਘ ਆਲਿਮ ਜੀ ਵਰਗੀਆਂ ਉੱਚ-ਕੋਟੀ ਦੀਆਂ ਨਾਮਧਾਰੀ ਸ਼ਖ਼ਸੀਅਤਾਂ ਦੇ ਨਾਂ ਗਿਣੇ ਜਿਨ੍ਹਾਂ ਨੇ ਸ਼ਾਕਾਹਾਰ ਦਾ ਪ੍ਰਚਾਰ ਜ਼ੋਰਾਂ-ਸ਼ੋਰਾਂ ਨਾਲ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਸ਼-ਵਿਦੇਸ਼ ਵਿਚ 'ਸ਼ਾਕਾਹਾਰ' ਸਬੰਧੀ ਅੰਤਰ-ਰਾਸ਼ਟਰੀ ਸੰਮੇਲਨ ਕੀਤੇ ਕਰਵਾਏ ਅਤੇ ਸੈਂਕੜੇ ਯੂਰਪੀਅਨ ਲੋਕਾਂ ਨੂੰ ਵੀ

ਛੀਆਂ ਬੀਬੀਆਂ
ਉਸ ਪਲੇਟਫ਼ਾਰਮ ਤੇ ਇੱਕਠਿਆਂ ਕੀਤਾ ਜੋ ਸ਼ਾਕਾਹਾਰ ਦੇ ਪੁਰ-ਜ਼ੋਰ ਸਮਰਥਕ ਸਨ।

**ਦਵਿੰਦਰ ਸਿੰਘ ਗਿੱਲ ਜੀਆ ਨੱਥਾ–** ਇਸ ਵਿਦਵਾਨ ਬੁਲਾਰੇ ਨੇ ਆਪਣਾ ਪਰਚਾ 'ਸ਼੍ਰੋਮਣੀ ਗੁ. ਪ੍ਰੰ. ਕਮੇਟੀ, ਅੰਮ੍ਰਿਤਸਰ ਵਿਚ ਨਾਮਧਾਰੀਆਂ ਦਾ ਯੋਗਦਾਨ' ਵਿਸ਼ੇ ਤੇ ਪੜ੍ਹਿਆ। ਇਨ੍ਹਾਂ ਨੇ ਦੱਸਿਆ ਕਿ ਜਦੋਂ ਪਹਿਲੋਂ-ਪਹਿਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੁਜਾਰੀਆਂ ਦੇ ਕਬਜ਼ੇ 'ਚੋਂ' ਆਜ਼ਾਦ ਕਰਵਾਏ ਜਾਣ ਦਾ ਬੀੜਾ ਅਕਾਲੀਆਂ ਵੱਲੋਂ ਚੁੱਕਿਆ ਗਿਆ ਤਾਂ ਨਿਹੰਗ ਸਿੰਘਾਂ ਦੀ ਮਾਰਫ਼ਤ ਸਿਰ-ਕੱਢ ਨਾਮਧਾਰੀ ਸਿੰਘਾਂ ਨੂੰ ਮੁੱਢਲੀ ਸ੍ਰੋਮਣੀ ਕਮੇਟੀ ਨੇ ਇਸ ਮੁਹਿੰਮ ਵਿਚ ਸ਼ਾਮਿਲ ਕੀਤਾ।

1 ਮਹਾਰਾਜ ਗੁਰਦਿਆਲ ਸਿੰਘ 2. ਸੰਤ ਇੰਦਰ ਸਿੰਘ ਚੱਕਰਵਰਤੀ 3. ਸੰਤ ਨਿਧਾਨ ਸਿੰਘ ਆਲ਼ਿਮ 4. ਸੰਤ ਧਿਆਨ ਸਿੰਘ ਪੱਥਰਾ ਵਾਲੇ (ਲਾਹੌਰ) 5. ਰਾਗੀ ਹਰਨਾਮ ਸਿੰਘ ਚਵਿੰਡਾ (ਅੰਮ੍ਰਿਤਸਰ) 6. ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ (ਗੁਰਦਾਸਪੁਰ) ਸ਼੍ਰੋਮਣੀ ਕਮੇਟੀ ਦੇ ਮੁੱਢਲੇ ਮੈਂਬਰ ਬਣਾਏ ਗਏ। ਉਸ ਉਪਰੰਤ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਸੰਨ 1998 ਤੋਂ 2003 ਤੱਕ ਪੰਜ ਸਾਲ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ Co-opted ਮੈਂਬਰ ਰਹੇ।

**ਡਾ. ਆਲਾ ਸਿੰਘ-** ਇਸ ਨੌਜਵਾਨ ਦੇ ਰੀਸਰਚ-ਪੇਪਰ ਦਾ ਵਿਸ਼ਾ ਸੀ– Contribution of Namdharis in Agrarian Technology. ਡਾ. ਆਲਾ ਸਿੰਘ ਨੇ ਆਪਣਾ ਲੈਕਚਰ ਪੰਜਾਬੀ ਵਿਚ ਦਿੱਤਾ ਪਰੰਤੂ ਉਨ੍ਹਾਂ ਨੇ ਪਾਵਰ ਪੁਆਇੰਟ ਪਰੈਜ਼ੇਂਟੇਸ਼ਨ ਰਾਹੀਂ ਪ੍ਰਸਤੁਤ ਕੀਤਾ ਜਿਸ ਨੂੰ ਸਰੋਤਿਆਂ ਨੇ ਖ਼ੂਬ ਸਲਾਹਿਆ। ਡਾ. ਆਲਾ ਸਿੰਘ ਨੇ ਦੱਸਿਆ ਕਿ ਤਕਨੀਕ ਦਾ ਭਾਵ ਹੈ 'ਵਿਗਿਆਨਕ ਖੋਜ ਦੀ ਵਿਵਹਾਰਕ ਵਰਤੋਂ'। ਬੌਧਿਕ ਯੋਗਦਾਨ, ਨਵੀਨਤਾ ਤੇ ਉਪਯੋਗਤਾ (Utility) ਇਸ ਤਕਨਾਲੋਜੀ ਦੇ ਵਿਸ਼ੇਸ਼ ਗੁਣ ਹਨ। ਸਮਾਜਿਕ-ਆਰਥਿਕ Paradigm (ਉਦਾਹਰਣੀ ਮਿਸਾਲ) ਦੇ ਚਾਰ ਪਹਿਲੂ ਜਾਂ ਪੱਖ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੁਧਾਰੂ ਪਸ਼ੂਆਂ (ਗਊਆਂ-ਮੱਝਾਂ) ਤੇ ਘੋੜਿਆਂ ਦੀਆਂ ਵਧੀਆ ਨਸਲਾਂ ਨੂੰ ਪਾਲਣ ਵਿਚ ਬਹੁਤ ਦਿਲਚਸਪੀ ਲਈ ਅਤੇ ਭਾਰਤ ਭਰ ਵਿਚ ਸਭ ਤੋਂ ਵੱਧ ਦੁੱਧ ਦੇਣ ਵਾਲੀ ਸਾਹੀਵਾਲ ਨਸਲ ਦੀਆਂ ਗਊਆਂ ਤਿਆਰ ਕੀਤੀਆਂ ਅਤੇ ਉਨ੍ਹਾਂ ਦੀ ਨਸਲ ਨੂੰ ਵਿਕਸਿਤ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਗ਼ਬਾਨੀ ਤੇ ਖੇਤੀ ਦੇ ਖੇਤਰਾਂ ਵਿਚ ਵਿਗਿਆਨ ਤੇ ਤਕਨਾਲੌਜੀ ਨੂੰ ਅਪਣਾ ਕੇ ਹੈਰਾਨ-ਕੁੰਨ ਨਤੀਜੇ ਪ੍ਰਾਪਤ ਕੀਤੇ। ਬਾਗ਼ਬਾਨੀ ਦੇ ਦਿੱਗਜ, ਸਤਿਗੁਰੂ ਜਗਜੀਤ ਸਿੰਘ ਤੇ ਸਤਿਗੁਰੂ ਉਦੇ ਸਿੰਘ ਜੀ ਦੀ ਪ੍ਰਗਤੀਵਾਦੀ ਸੋਚ ਦਾ ਲੋਹਾ ਮੰਨਦੇ ਹਨ।

**Dr. Sukhdev Singh Sirsa-** ਇਹ ਇਸ ਸੈਸ਼ਨ ਦੇ ਪ੍ਰਧਾਨ ਵੀ ਸਨ ਤੇ ਇਕ ਵਿਦਵਾਨ ਬੁਲਾਰੇ ਵੀ। ਇਨ੍ਹਾਂ ਨੇ ਨਾਮਧਾਰੀ ਸਾਹਿਤ ਵਿਚ ਭਾਈ ਚੰਦਾ ਸਿੰਘ ਤੇ ਨਿਹਾਲ ਸਿੰਘ ਦੇ ਬਾਰਾਂਮਾਹਾਂ ਦਾ ਜਿਕਰ ਕੀਤਾ। ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਅਜਿਹਾ ਸੀ ਜਿਸ ਵਿਚ ਜਮਾਤਾਂ ਦਾ ਮੇਲ-ਜੋਲ ਜਾਂ ਭਾਈਵਾਲਤਾ ਹੈ। ਬ੍ਰਿਟਿਸ਼ ਅਧਿਕਾਰੀਆਂ ਨੇ ਲਿਖਿਆ ਹੈ "ਨਾਮਧਾਰੀ ਸਿੱਖ ਕਿਸੇ ਕੋਲੋਂ ਖ਼ੌਫ਼ ਨਹੀਂ ਖਾਂਦੇ ਪਰੰਤੂ ਅੰਗਰੇਜ਼ ਨਾਮਧਾਰੀਆਂ ਪਾਸੋਂ ਖ਼ੌਫ਼ ਖਾਂਦੇ ਹਨ।" ਉਸ ਸਮੇਂ ਦੇ ਕੂਕਾ ਕਵੀਆਂ ਦੁਆਰਾ ਰਚਿਤ ਸਾਹਿਤ ਵਿਚ ਬਸਤੀਵਾਦੀ ਸਰਕਾਰ ਵਿਰੋਧੀ ਸੁਰ ਪਾਈ ਜਾਂਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਗੱਲ ਨੂੰ ਭਲੀਭਾਂਤ ਸਮਝ ਲਿਆ ਸੀ ਕਿ ਅੰਗਰੇਜ਼ ਸਰਕਾਰ ਵਿਰੁੱਧ ਲੜਨ ਵਾਸਤੇ ਸਾਨੂੰ ਇਕ ਬੁਲੰਦ ਕਿਰਦਾਰ ਵਾਲਾ ਨਵਾਂ ਮਨੁੱਖ ਸਿਰਜਣਾ ਪਵੇਗਾ ਜਿਹੜਾ ਹਰ ਤਰ੍ਹਾਂ ਦੇ ਲੋਭ-ਲਾਲਚਾਂ ਤੋਂ ਮੁਕਤ ਹੋਕੇ ਸਵੈ-ਤਿਆਗ ਅਤੇ ਕੁਰਬਾਨੀ ਦੇ ਰਾਹ ਤੇ ਅੱਗੇ ਵੱਧ ਸਕਦਾ ਹੋਵੇ।ਇਸ ਦੇ ਨਾਲ ਹੀ ਇਸ ਸੈਮੀਨਾਰ ਦੀ ਸੰਪੂਰਨਤਾ ਹੋਈ। ਇਸ ਪੂਰੇ ਸੈਮੀਨਾਰ ਵਿਚ ਬੀਬੀ ਅਮਨਪ੍ਰੀਤ ਕੌਰ ਨੇ ਮੰਚ-ਸੰਚਾਲਨ ਦਾ ਕਾਰਜ ਬਾਖੂਬੀ ਨਿਭਾਇਆ।

ਇਸ ਸੈਮੀਨਾਰ ਵਾਲੇ ਦਿਨ ਸੰਤ ਸੁਖਵਿੰਦਰ ਸਿੰਘ ਤੇ ਸਾਥੀਆਂ ਨੇ ਉੱਦਮ ਕਰਕੇ ਆਡੀਟੋਰੀਅਮ ਦੇ ਬਾਹਰ ਨਾਮਧਾਰੀ ਚਿੱਤਰ-ਪ੍ਰਦਰਸ਼ਨੀ ਲਗਾਈ ਜਿਸਨੂੰ ਵਿਦਿਆਰਥੀਆਂ ਤੇ ਦਰਸ਼ਕਾਂ ਨੇ ਸਲਾਹਿਆ। ਸੰਤ ਹਰਜਿੰਦਰ ਸਿੰਘ ਨਾਮਧਾਰੀ ਬਠਿੰਡਾ ਨਿਵਾਸੀ ਨੇ ਸੈਮੀਨਾਰਾਂ ਦੇ ਦੋਵੇਂ ਦਿਨ ਸਰੋਤਿਆਂ ਤੇ ਵਿਦਵਾਨਾਂ ਵਾਸਤੇ ਲੰਗਰ ਸੇਵਾ ਕੀਤੀ।

**–ਰਿਪੋਰਟ ਕਰਤਾ– ਮੁਹਿੰਦਰ ਸਿੰਘ ਕੂਕਾ**

---

## ਦਿੱਲੀ ਵਿਖੇ ਮਨਾਇਆ ਗਿਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ 99ਵਾਂ ਪ੍ਰਕਾਸ਼ ਪੁਰਬ

ਸਰਦਾਰ ਅਵਤਾਰ ਸਿੰਘ ਹਿਤ ਜਦੋਂ ਦਿੱਲੀ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਮਨਾਏ ਜਾ ਰਹੇ ਸਤਿਗੁਰੂ ਜਗਜੀਤ ਸਿੰਘ ਜੀ ਦੇ 99ਵੇਂ ਪ੍ਰਕਾਸ਼ ਪੁਰਬ ਦੇ ਅਵਸਰ ਤੇ ਆਏ ਤਾਂ ਮੰਚ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਣਾਂ ਦਾ ਵਰਨਣ ਕਰਦਿਆਂ ਭਾਵੁਕ ਹੁੰਦੇ ਦਿਸੇ। ਹਿੱਤ ਹੁਰਾਂ ਦੱਸਿਆ ਕਿ ਜਿੰਦਗੀ ਦੇ ਇਕ ਮੌਕੇ ਜਦੋਂ ਮੇਰੇ ਤੇ ਭੀੜ ਬਣੀ ਕਿਸੇ ਨੇ ਮੇਰੀ ਬਾਂਹ ਨਾਂ ਫੜੀ ਤੇ ਉਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੀਨੇ ਨਾਲ ਲਾਇਆ।ਔਖੇ ਸਮੇਂ 'ਚ ਪੈਸੇ ਅਤੇ ਰਹਿਮਤੀ ਮਾਇਆ ਬਖਸ਼ੀਆ। **ਮਿਤੀ 14 ਨਵੰਬਰ** ਸ਼ਾਮ ਇਹ ਸਮਾਗਮ ਦਿੱਲੀ

ਦੀਆਂ ਬੀਬੀਆਂ ਦੇ ਕੀਰਤਨ ਨਾਲ 5:45 ਤੇ ਆਰੰਭ ਹੋਇਆ। 6:15 ਤੋਂ 7:45 ਤਕ ਸਤਿਗੁਰੂ ਜੀ ਦੀ ਹਜ਼ੂਰੀ 'ਚ ਨਾਮ ਸਿਮਰਨ ਹੋਇਆ, ਜਿਸ ਵਿਚ ਨੌਜਵਾਨ ਨਿਸ਼ਾਨ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਕਾਲ ਦੇ ਕੌਤਕਾਂ ਨਾਲ ਭਰਪੂਰ ਭਗਤੀ ਭਾਵ ਵਾਲੀ ਕਥਾ ਕੀਤੀ। ਉਪਰੰਤ ਸ: ਹਰਵਿੰਦਰ ਸਿੰਘ ਹੰਸਪਾਲ ਨੇ ਸਤਿਗੁਰੂ ਜੀ ਦੀ ਸੋਚ ਸ਼ਕਤੀ ਨਾਲ ਹੀ ਸਿਰੇ ਚੜਨ ਵਾਲੇ ਅਨੇਕਾਂ ਕਾਰਜਾਂ ਦਾ ਜ਼ਿਕਰ ਕਰਦਿਆਂ ਇਹ ਵੀ ਦੱਸਿਆ ਕਿ ਕਿੰਦਾਂ ਆਪ ਜੀ ਦੀ ਰਜ਼ਾ ਨਾਲ ਜੀਵਨ ਨਗਰ ਦੇ ਟਿੱਬਿਆਂ ਚ ਸੰਤਰੇ ਅਤੇ ਅੰਗੂਰ ਵਰਗੇ ਫਲਾਂ ਦੀ ਭਰਪੂਰ ਫਸਲ ਹੋਣ ਲੱਗ ਪਈ ਜੋ ਕਿ ਖੇਤੀ ਬਾੜੀ ਦੇ ਅਨੁਭਵੀ ਡਾਕਟਰਾਂ ਦੇ ਮੰਨਣ ਯੋਗ ਗੱਲ ਨਹੀਂ ਸੀ। ਅਵਤਾਰ ਸਿੰਘ ਦੀ ਤਕਰੀਰ ਤੋਂ ਬਾਅਦ ਸਤਿਗੁਰੂ ਜੀ ਨੇ ਹਿਤ ਸਾਹਿਬ ਨੂੰ ਲੋਈ ਮਾਲਾ ਆਦਿਕ ਸਰੋਪਾ ਦੇ ਕੇ ਨਿਵਾਜਿਆ।

ਬੀਬੀ ਰਜਵੰਤ ਕੌਰ ਤੇ ਕਾਕਾ ਅਕਸ ਸਿੰਘ ਨੇ ਵਰਿਆਮ ਦਾ 'ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ੇਸ਼ ਅੰਕ' ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ। ਸਟੇਜ ਸਕੱਤਰ ਹਰਪਾਲ ਸਿੰਘ ਨੇ ਹਿਤ ਸਾਹਿਬ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਧਾਨ ਚੁਣੇ ਜਾਣ ਤੇ ਸਮੂਹ ਨਾਮਧਾਰੀ ਸੰਗਤ ਵਲੋਂ ਵਧਾਈ ਦਿੱਤੀ। ਰਾਗੀ ਸਾਜਨ ਸਿੰਘ ਨੇ ਸਤਿਗੁਰੂ ਜੀ ਦੀ ਆਮਦ ਦੀ ਖੁਸ਼ੀ ਵਿਚ ਕੀਰਤਨ ਕੀਤਾ।

**ਮਿਤੀ 15 ਨਵੰਬਰ** ਸਵੇਰੇ 4:30 ਤੋਂ 6:30 ਵਜੇ ਤਕ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਾਜਨ ਸਿੰਘ ਨੇ ਕੀਤਾ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਵਿਦਿਆਰਥੀਆਂ ਨੇ ਇਕ ਗੀਤ ਪੜ੍ਹਿਆ। ਜਿਸਦੀ ਤਿਆਰੀ ਉਹਨਾਂ ਦੇ ਉਸਤਾਦ ਸੰਤ ਸਰਮੁਖ ਸਿੰਘ ਅਤੇ ਟੀਚਰ ਨਵਨੀਤ ਕੌਰ ਨੇ ਕਰਵਾਈ ਸੀ।

ਨੌਜਵਾਨ ਤਰੁਨਪਾਲ ਰਾਗੀ ਮਨਜੀਤ ਸਿੰਘ ਤੇ ਹਰਪਾਲ ਸਿੰਘ ਨੇ ਵੀ ਹਾਜ਼ਰੀ ਲਗਵਾਈ। ਸ੍ਰੀ ਸਤਿਗੁਰੂ ਜੀ ਨੇ ਪਾਵਨ ਉਪਦੇਸ਼ ਦਿੰਦਿਆਂ ਬਚਨ ਕੀਤਾ ਕਿ ਅਕਾਲ ਪੁਰਖ ਭਾਵੇਂ ਹਰ ਥਾਂ ਤੇ ਹੈ ਹਰ ਇਕ ਵਿਚ ਹੈ ਸਾਡੀ ਉਹ ਅਵਸਥਾ ਨਹੀਂ ਹੁੰਦੀ ਕਿ ਉਹ ਸਾਨੂੰ ਦਿੱਸੇ ਪਰ ਜੇ ਕਿਤੇ ਉਹ ਆਪ ਪ੍ਰਗਟ ਹੁੰਦਾ ਹੈ ਸਾਨੂੰ ਦਿਸਦਾ ਹੈ ਤੇ ਉਹ ਸਤਿਗੁਰੂ ਦੇ ਰੂਪ ਚ ਸਾਨੂੰ ਆਪਣੇ ਦਰਸ਼ਨ ਦਿੰਦਾ ਹੈ। ਸੱਚੀ ਮੁੱਚੀਂ ਜੇ ਅਸੀਂ ਅਕਾਲ ਪੁਰਖ ਦੇ ਦਰਸ਼ਨਾਂ ਦਾ Experience ਕੀਤਾ ਹੈ ਤੇ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਚੋਂ ਕੀਤਾ ਹੈ। ਜਿਸਨੇ ਆਨੂੰ ਅਥਾਹ ਪਿਆਰ ਦਿੱਤਾ ਹੈ ਅਤੇ ਨਾਮ ਜਪਾਇਆ। ਜੱਪ ਪ੍ਰਯੋਗਾਂ ਦੇ ਦਿਨਾਂ ਚ 12000 ਤੋਂ ਵੱਧ ਗਿਣਤੀ ਵਿਚ ਸੰਗਤ ਭਜਨ ਕਰਦੀ ਹੈ। ਆਪਾਂ ਕੋਸ਼ਿਸ਼ ਕਰੀਏ ਜਿਦਾਂ ਦੇ ਮਨ ਪ੍ਰਯੋਗਾਂ ਦੇ ਦਿਨਾਂ ਚ ਬਣੇ ਹੁੰਦੇ ਹਨ ਉਦਾਂ ਦੇ ਮਨ ਬਣੇ ਰਹਿਣ। ਸਤਿਗੁਰੂ ਜੀ ਦੇ ਉਪਦੇਸ਼ ਤੋਂ ਬਾਅਦ ਪਾਠਾਂ ਦੇ ਭੋਗ ਪਾਏ ਗਏ। ਸੇਵਾਦਾਰਾਂ ਸੇਵਾ ਕੀਤੀ। ਉਪਰੰਤ ਸਤਿਗੁਰੂ ਜੀ ਨੇ ਦਿੱਲੀ ਨਿਵਾਸੀ ਅਤੇ ਗੁੜਗਾਂਵ ਕੁਝ ਸਿੱਖਾਂ ਦੇ ਘਰਾਂ 'ਚ ਦਰਸ਼ਨ ਵੀ ਦਿੱਤੇ ਅਤੇ ਕਈ ਬਿਮਾਰ ਸਰੀਰਾਂ ਦਾ ਹਾਲ ਚਾਲ ਵੀ ਪੁੱਛਿਆ। ਸੰਤ ਸਿੰਘ ਜੀ ਨੇ ਪਾਤਸ਼ਾਹ ਜੀ ਦੇ ਚਰਨ ਪਰਸਦਿਆਂ ਇਤਿਹਾਸ ਤੇ ਸਾਹਿਤ ਦੇ ਨਾਲ ਜੁੜੀਆਂ ਵਡਮੁੱਲੀਆਂ ਅਰਜਾ ਕੀਤੀਆਂ। ਘਰਾਂ ਵਿੱਚ ਚਰਨ ਪਾਉਣ ਉਪਰੰਤ 5 ਤੋਂ 7 ਸ਼ਾਮ ਦੇ ਨਾਮ ਸਿਮਰਨ 'ਚ ਦਰਸ਼ਨ ਦਿੱਤੇ। ਜਿਸ ਦੌਰਾਨ ਮਾਤਾ ਮਹਿੰਦਰ ਕੌਰ ਦਾ ਭੋਗ ਪਾਇਆ ਗਿਆ। ਉਪਰੰਤ ਰਾਗੀ ਬਸੰਤ ਸਿੰਘ, ਅਰਸ਼ਦੀਪ ਸਿੰਘ ਨੇ ਸ਼ਬਦ ਗਾਇਨ ਕੀਤਾ।

ਇਥੋਂ ਚੱਲ ਸਵਰਗੀ ਜਸਵੰਤ ਸਿੰਘ ਜੱਸ ਦੇ ਘਰ ਦਰਸ਼ਨ ਦਿੱਤੇ। ਪਿਛਲੇ ਦਿਨੀਂ ਇਹਨਾਂ ਦੀ ਧਰਮ ਪਤਨੀ ਦਾ ਦਿਹਾਂਤ ਹੋ ਗਿਆ ਸੀ ਲਾਲ ਜੀ ਨੂੰ ਪਿਆਰ ਦਿੱਤਾ। ਸੁਰਜੀਤ ਸਿੰਘ ਹੰਜਗਰ ਦੇ ਘਰ ਚਰਨ ਪਾ ਅਸ਼ੋਕ ਵਿਹਾ ਕੋਠੀ ਜਾ ਬਿਰਾਜੇ।

ਸਵੇਰੇ 4 ਤੋਂ 6 ਵਜੇ ਤਕ ਆਸਾ ਦੀ ਵਾਰ ਦਾ ਕੀਰਤਨ ਰਾਗੀ ਸੁਖਦੇਵ ਸਿੰਘ, ਸੰਤਾ ਸਿੰਘ ਆਦਿ ਨੇ ਕੀਤਾ। ਦਿੱਲੀ ਚ ਖੁਸ਼ੀਆਂ ਵੰਡ ਆਪ ਜੀ ਸ੍ਰੀ ਭੈਣੀ ਨੂੰ ਰਵਾਨਾ ਹੋਏ।

**–ਹਰਪਾਲ ਸਿੰਘ ਸੋਧੀ**

---

## ਹਰੀਪੁਰਾ (ਵੱਡ ਤੀਰਥ) ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਜ਼ਿਲਾ ਫਾਜ਼ਿਲਕਾ ਦੀ ਧਰਤੀ ਵੱਡ ਤੀਰਥ ਵਿਖੇ ਹਰ ਸਾਲ ਦੀ ਤਰ੍ਹਾਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮੇਲਾ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਇਕੱਤਰ ਹੋ ਕੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਕਾਰਨ ਇਲਾਕੇ ਦੀ ਸੰਗਤ ਵਿਚ ਕਾਫੀ ਉਤਸ਼ਾਹ ਸੀ। ਸੂਬਾ ਗੁਰਚਰਨ ਸਿੰਘ ਜੀ ਫਾਜ਼ਿਲਕਾ ਦੇ ਉਚੇਚੇ ਯਤਨਾਂ ਸਦਕਾ ਇਸ ਵਾਰੀ ਸਾਧ ਸੰਗਤ ਕਾਫੀ ਵੱਡੀ ਗਿਣਤੀ ਵਿਚ ਹਾਜ਼ਿਰ ਸੀ। ਸ੍ਰੀ ਸਤਿਗੁਰੂ ਜੀ ਨੇ ਸੁਹਾਵਾ ਸਾਹਿਬ ਰਾਜਸਥਾਨ ਤੋਂ ਵਾਪਸ ਆਉਂਦੇ ਸਮੇਂ ਮਿਤੀ 22 ਨਵੰਬਰ 2018 ਨੂੰ ਹਰੀਪੁਰਾ (ਵੱਡ-ਤੀਰਥ) ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਟੇਜ ਤੇ ਗੁਰਲਾਲ ਸਿੰਘ ਭੈਣੀ ਸਾਹਿਬ ਦਿਵਾਨ ਸਜਾ ਰਹੇ ਸਨ। ਦਿਵਾਨ ਦੀ ਸਮਾਪਤੀ ਤੋਂ ਬਾਅਦ ਫਾਜ਼ਿਲਕਾ ਦੇ ਬੱਚਿਆਂ ਨੇ ਵੀ ਸ੍ਰੀ ਸਤਿਗੁਰੂ ਜੀ ਦੀ ਆਮਦ ਤੇ ਕਵਿਤਾ ਅਤੇ ਦਿਵਾਨ ਸੀ। ਸੂਬਾ ਗੁਰਚਰਨ ਸਿੰਘ ਜੀ ਦੀ ਪਤਨੀ ਨਿਹਾਲ ਕੌਰ ਨੇ ਦਿਵਾਨ ਲਾਇਆ। ਇਹਨਾਂ ਬੱਚਿਆ ਦੀ ਤਿਆਰੀ ਲਈ ਫਾਜ਼ਿਲਕਾਂ ਦੀਆਂ ਬੀਬੀਆਂ ਦਾ ਵੱਡਾ ਯੋਗਦਾਨ ਸੀ। ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਸ੍ਰੀ ਸਤਿਗੁਰੂ ਜੀ ਜਲ-ਪਾਣੀ ਛਕਣ ਉਪਰੰਤ ਸੰਗਤ ਨੂੰ ਖੁਸ਼ੀਆਂ ਬਖਸ਼ਦੇ ਹੋਏ ਇਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਸਿੱਖਾਂ ਸੇਵਕਾਂ ਸਹਿਤ ਰਵਾਨਾ ਹੋਏ

**ਸੂਬਾ ਬਲਵਿੰਦਰ ਸਿੰਘ ਝੱਲ**

## ਇਲਾਕਾ ਮਲੋਟ ਜ਼ਿਲਾ ਮੁਕਤਸਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਦਾ ਮੇਲਾ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ, ਜਿਸ ਦੇ ਸਬੰਧ ਵਿਚ ਸਾਰਾ ਸਾਲ ਵੱਖ-ਵੱਖ ਥਾਵਾਂ ਤੇ ਸਮਾਗਮ ਕਰਾਉਣ ਦਾ ਪ੍ਰੋਗਰਾਮ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਉਲੀਕਿਆ ਗਿਆ ਹੈ।ਇਸੇ ਹੀ ਲੜੀ ਮੁਤਾਬਕ ਜ਼ਿਲੇ ਮੁਕਤਸਰ ਸਾਹਿਬ ਦਾ ਸਮਾਗਮ ਪਿੰਡ ਘੁਮਿਆਰਾ ਖੇੜਾ ਵਿਖੇ ਸੂਬਾ ਸਰਬਜੀਤ ਸਿੰਘ ਜੀ ਦੀ ਅਗਵਾਈ ਵਿਚ ਮਿਤੀ 30 ਨਵੰਬਰ 2018 ਦਿਨ ਸ਼ੁਕਰਵਾਰ ਨੂੰ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਤਕਰੀਬਨ 10:15 ਵਜੇ ਇਸ ਸਮਾਗਮ ਵਿਚ ਦਰਸ਼ਨ ਦੇਣ ਲਈ ਚਾਲੇ ਪਾਏ, ਵਾਇਆ ਬਰਨਾਲਾ, ਬਠਿੰਡਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਤਕਰੀਬਨ 2 ਵਜੇ ਸਾਧ ਸੰਗਤ ਨੂੰ ਪੰਡਾਲ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ ਸੰਗਤ ਕਾਫੀ ਵੱਡੀ ਗਿਣਤੀ ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੀ ਹੋਈ ਸੀ। ਸਟੇਜ ਤੇ ਜ.ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਹੱਲੇ ਦਾ ਦਿਵਾਨ ਸਜਾ ਕੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਪਰ-ਉਪਕਰਾਂ ਦਾ ਵਰਣਨ ਕਰ ਰਹੇ ਸਨ। ਇਸ ਤੋਂ ਪਹਿਲਾਂ ਕਵੀਸ਼ਰ ਗੁਰਸੇਵਕ ਸਿੰਘ ਦੇ ਜਥੇ ਨੇ ਕਵੀਸ਼ਰੀ-ਪ੍ਰਸੰਗ ਪੇਸ਼ ਕੀਤਾ। ਮੰਚ ਤੇ ਸੁਨੀਲ ਕੁਮਾਰ ਜਾਖੜ ਦੇ ਵੱਡੇ ਭਰਾ ਸ੍ਰੀ ਸੱਜਣ ਕੁਮਾਰ ਜਾਖੜ ਸਾਬਕਾ ਮੰਤਰੀ ਵੀ ਮੌਜੂਦ ਸਨ। ਦਿਵਾਨ ਦੀ ਸਮਾਪਤੀ ਤੋਂ ਬਾਅਦ ਮੰਚ ਤੋਂ ਸੂਬਾ ਇੰਦਰਜੀਤ ਸਿੰਘ ਜੀ ਮੱਲ ਦੀ ਨੂੰਹ ਸੁਰਜੀਤ ਕੌਰ ਨੇ ਸੰਬੋਧਨ ਕੀਤਾ ਅਤੇ ਸੰਗਤ ਨੂੰ ਸਮਾਜਿਕ ਕੁਰੀਤੀਆਂ ਤੋਂ ਸੁਚੇਤ ਕੀਤਾ। ਡਾ: ਪੁਸ਼ਪਿੰਦਰ ਸਿੰਘ ਕੂਕਾ ਨੇ ਸੰਬੋਧਨ ਕਰਦੇ ਹੋਏ ਕੈਂਸਰ ਰੂਪੀ ਨਾ-ਮੁਰਾਦ ਬਿਮਾਰੀ ਸੰਬੰਧੀ ਜਾਗਰੂਕ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕਰਦੇ ਹੋਏ ਸੰਗਤ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੇ ਚੱਲਣ ਦਾ ਹੁਕਮ ਕੀਤਾ ਅਤੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਨ ਲਈ ਮਾਪਿਆਂ ਨੂੰ ਸੁਚੇਤ ਕੀਤਾ। ਮੇਲੇ ਦੀ ਸੇਵਾ ਸੰਤ ਗੁਰਦਿਆਲ ਸਿੰਘ ਅਤੇ ਉਹਨਾਂ ਦੇ ਸਪੁੱਤਰ ਸ੍ਰ ਬਲਰਾਜ ਸਿੰਘ, ਬਲਤੇਜ ਸਿੰਘ ਅਤੇ ਸੂਬਾ ਸਰਬਜੀਤ ਸਿੰਘ ਸਮੇਤ ਪਰਿਵਾਰ ਕੀਤੀ। ਇਸ ਸਮੇਂ ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਵੀਰ ਸਿੰਘ, ਸੂਬਾ ਸਮਿੰਦਰ ਸਿੰਘ ਅਤੇ ਉਚੇਚੇ ਤੌਰ ਤੇ ਸੰਤ ਕੌਰ ਸਿੰਘ ਜੀ ਕੋਟਧਰਮੂ ਅਤੇ ਸੰਤ ਜਸਵੰਤ ਸਿੰਘ ਹਿੰਮਤਪੁਰਾ ਵਾਲੇ ਹਾਜ਼ਰ ਸਨ। ਮੇਲੇ ਦੀ ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ।

**-ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਸਸਰਾਲੀ ਕਲੋਨੀ ਵਿਖੇ ਸ. ਸਾਧੂ ਸਿੰਘ ਚੱਕੀਵਾਲਾ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਿਤੀ 17 ਨਵੰਬਰ 2018 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਦਿੱਲੀ ਤੋਂ ਚੱਲ ਕੇ ਸ੍ਰੀ ਭੈਣੀ ਸਾਹਿਬ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਭੈਣੀ ਸਾਹਿਬ ਲਗਭਗ 10 ਵਜੇ ਪਹੁੰਚਣ ਤੋਂ ਕੁਝ ਸਮਾਂ ਬਾਅਦ ਸ੍ਰੀ ਸਤਿਗੁਰੂ ਜੀ ਸਸਰਾਲੀ ਨੇ ਕਲੋਨੀ ਵਿਖੇ ਸ. ਸਾਧੂ ਸਿੰਘ ਚੱਕੀਵਾਲੇ ਦੇ ਭੋਗ ਤੇ ਦਰਸ਼ਨ ਦੇਣ ਲਈ ਚਾਲੇ ਪਾਏ ਜੋ ਪਿਛਲੇ ਦਿਨੀ ਚੜਾਈ ਕਰ ਗਏ ਸਨ। ਪਿੰਡ ਸਸਰਾਲੀ ਕਲੋਨੀ ਪਹੁੰਚ ਕੇ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਸੰਤ ਸਤਨਾਮ ਸਿੰਘ ਜੀ ਦੇ ਡੇਰੇ ਦਰਸ਼ਨ ਦਿੱਤੇ ਜਿੱਥੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਪਵਿੱਤਰ ਗੁਰਬਾਣੀ ਦੇ ਅਖੰਡ ਪਾਠਾਂ ਦੀ ਲੜੀ ਅਰੰਭ ਕੀਤੀ ਗਈ। ਇਥੋਂ ਹੀ ਰਸਤੇ ਵਿਚ ਸਿੱਖਾਂ ਸੇਵਕਾਂ ਦੇ ਘਰ ਚਰਨ ਪਾਉਦੇਂ ਹੋਏ ਸ੍ਰੀ ਸਤਿਗੁਰੂ ਜੀ ਭੋਗ ਵਾਲੇ ਸਥਾਨ ਤੇ ਸ. ਸਾਧੂ ਸਿੰਘ ਦੇ ਘਰ ਪੰਡਾਲ ਵਿਚ ਦਰਸ਼ਨ ਦਿੱਤੇ। ਸਟੇਜ ਤੇ ਜ. ਨਿਸਾਨ ਸਿੰਘ ਦਿੱਲੀ ਦੀਵਾਨ ਲਾ ਰਹੇ ਸਨ। ਸੂਬਾ ਨਰਿੰਜਨ ਸਿੰਘ ਟਮਕੋਡੀ ਵੀ ਹਾਜਰ ਸਨ। ਸ੍ਰੀ ਸਤਿਗੁਰੂ ਜੀ ਦੇ ਹਜੂਰ ਪਾਠ ਦਾ ਭੋਗ ਪਾਇਆ ਗਿਆ। ਇਥੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਦੁਪਹਿਰ ਦੇ ਨਾਮ ਸਿਮਰਨ ਸਮੇਂ ਸਾਧ ਸੰਗਤ ਨੂੰ ਆਣ ਦਰਸ਼ਨ ਦਿੱਤੇ।

## ਪਿੰਡ ਮੁਠੱਡਾ ਕਲਾਂ ਵਿਖੇ ਸ. ਮਹਿੰਦਰ ਸਿੰਘ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

**12-11-2018** ਪਿੰਡ ਮੁਠੱਡੇ ਕਲਾਂ ਜਿਲਾਂ ਜਲੰਧਰ ਦੇ ਸੂਬਾ ਹਰਜੀਤ ਸਿੰਘ ਮੁਠੱਡਾ ਦੇ ਸਤਿਕਾਰਯੋਗ ਚਾਚਾ ਮਹਿੰਦਰ ਸਿੰਘ ਸਾਬਕਾ ਸਰਪੰਚ ਜੋ ਕੁਝ ਸਮਾਂ ਬੀਮਾਰ ਰਹਿ ਕੇ ਚੜਾਈ ਕਰ ਗਏ ਸਨ। ਉਨ੍ਹਾਂ ਦੀ ਯਾਦ ਵਿਚ ਨਾਮਧਾਰੀ ਧਰਮਸ਼ਾਲਾ ਮੁਠੱਡਾ ਵਿਖੇ ਸੂਬਾ ਸੰਦੀਪ ਸਿੰਘ ਕਰੀਵਾਲਾ ਨੇ ਦੀਵਾਨ ਸਜਾਇਆ ਅਤੇ ਪਵਿੱਤਰ ਗੁਰਬਾਣੀ ਦੇ ਇਕ ਪਾਠ ਦਾ ਭੋਗ ਸ. ਮਹਿੰਦਰ ਸਿੰਘ ਦੇ ਨਮਿੱਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਸ. ਮਹਿੰਦਰ ਸਿੰਘ ਦੇ ਸਪੁੱਤਰ ਗੁਰਮੁਖ ਸਿੰਘ ਨੂੰ ਆਪਣੇ ਕਰ ਕਮਲਾਂ ਦੁਆਰਾ ਦਸਤਾਰ ਸਜਾਉਣ ਦੀ ਕ੍ਰਿਪਾ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਉਦੇ ਸਿੰਘ ਦੀ ਹਜ਼ੂਰੀ ਵਿੱਚ ਲੁਧਿਆਣੇ ਦਾ ਸ਼ਹੀਦੀ ਮੇਲਾ

**ਲੁਧਿਆਣਾ 25 ਨਵੰਬਰ 2018**

ਨਾਮਧਾਰੀ ਸ਼ਹੀਦ ਸਿੰਘਾਂ- ਸੂਬਾ ਗਿਆਨੀ ਰਤਨ ਸਿੰਘ ਜੀ ਅਤੇ ਸੰਤ ਰਤਨ ਸਿੰਘ ਨਾਈਵਾਲਾ ਦੀ ਯਾਦ ਵਿਚ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜੂਰੀ ਵਿਚ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ 25 ਨਵੰਬਰ 2018 ਈ. ਦਿਨ ਐਤਵਾਰ ਨੂੰ ਬੜੀ ਹੀ ਸ਼ਰਧਾ ਭਾਵਨਾ ਨਾਲ ਮੇਲਾ ਹੋਇਆ। ਜਿਸ ਵਿਚ ਹਜਾਰਾਂ ਦੀ ਗਿਣਤੀ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ 'ਚ ਸੰਗਤਾਂ ਨਤਮਸਤਕ ਹੋਈਆਂ।ਜਥੇ. ਜਸਬੀਰ ਸਿੰਘ ਦੇ ਜਥੇ ਨੇ ਹਾਜ਼ਰੀ ਲਵਾਈ।

ਇਸ ਮੌਕੇ ਤੇ ਜਥੇ. ਨਿਸ਼ਾਨ ਸਿੰਘ ਜੀ ਦਿੱਲੀ ਨੌਜੁਆਨ ਧਿਆਨ ਸਿੰਘ ਅਤੇ ਸਿਆਮ ਸਿੰਘ ਨੇ ਹੱਲੇ ਦੇ ਦੀਵਾਨ ਲਗਾਏ ਰਾਗੀ ਗੁਰਸੇਵਕ ਸਿੰਘ ਲੁਧਿਆਣੇ ਵਾਲਿਆ ਨੇ ਜਥੇ ਸਮੇਤ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕਰੀ ਰੱਖਿਆ।

ਇਸ ਮੌਕੇ ਕਾਂਗਰਸ ਦੇ ਸੀਨੀਅਰ ਆਗੂ ਕੁਲਵੰਤ ਸਿੰਘ ਸਿੱਧੂ, ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਜਸਬੀਰ ਸਿੰਘ ਸੌਖੀ, ਅਜੀਤ ਸਿੰਘ ਨਾਮਧਾਰੀ,ਹਰਪਾਲ ਸਿੰਘ ਸੇਵਕ, ਸੂਬਾ ਬਲਵਿੰਦਰ ਸਿੰਘ ਜੀ ਸੂਬਾ ਸੁਰਿੰਦਰ ਕੌਰ ਖਰਲ ਜੀ ਅਤੇ ਜੋਗਿੰਦਰ ਸਿੰਘ ਕੰਗ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਮਹਾਨ ਸ਼ਹੀਦੀ ਸਮਾਗਮ ਦੌਰਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਨਾਮਧਾਰੀ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਦੇਸ਼ ਨੂੰ ਆਜ਼ਾਦੀ ਮਿਲੀ ਹੈ। ਸਤਿਗੁਰੂ ਜੀ ਨੇ ਫੁਰਮਾਇਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜਾਂ ਖਿਲਾਫ ਨਾ-ਮਿਲਵਰਤਨ ਲਹਿਰ ਸ਼ੁਰੂ ਕਰਕੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦਾ ਮੁੱਢ ਬੰਨ੍ਹਿਆ। ਉਨ੍ਹਾਂ ਨੇ ਕਿਹਾ ਕਿ 26 ਨਵੰਬਰ 1871 ਨੂੰ ਲੁਧਿਆਣਾ ਸ਼ਹਿਰ ਦੇ ਫੀਲਡਗੰਜ ਇਲਾਕੇ ਵਿੱਚ ਸਥਿਤ ਪੁਰਾਣੀ ਜੇਲ, ਦੇ ਬਾਹਰ ਗਿਆਨੀ ਸੂਬਾ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਨਾਈਵਾਲੇ ਨੂੰ ਖੁਲ੍ਹੇਆਮ ਫਾਂਸੀ ਦਿੱਤੀ ਗਈ। ਇਨ੍ਹਾਂ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਰਾਏਕੋਟ, ਮਲੇਰਕੋਟਲਾ ਅਤੇ ਅੰਮ੍ਰਿਤਸਰ ਵਿਚ ਵੀ ਸਿੰਘਾਂ ਨੂੰ ਫਾਂਸੀਆਂ ਤੇ ਲਟਕਾਈਆ ਗਿਆ ਅਤੇ ਤੋਪਾਂ ਨਾਲ ਉਡਾਇਆ ਗਿਆ। ਸਤਿਗੁਰੂ ਜੀ ਨੇ ਫੁਰਮਾਇਆ ਕਿ-ਸ਼ਹੀਦਾਂ ਦੀਆਂ ਕੁਰਬਾਨੀਆਂ ਹਮੇਸ਼ਾਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਰਹਿੰਦੀਆਂ ਹਨ ਅਤੇ ਕੌਮਾਂ ਦਾ ਇਤਿਹਾਸ ਜਿੰਦਾ ਰੱਖਦੀਆਂ ਹਨ। ਇਸ ਮੌਕੇ - ਸੰਤ ਸੁਖਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਵਲੋਂ ਲਗਾਈ ਪ੍ਰਦਰਸ਼ਨੀ ਦੀ ਵੀ ਹਰੇਕ ਨੇ ਸ਼ਲਾਘਾ ਕੀਤੀ। ਮਾਤਾ ਗੁਰਸ਼ਰਨ ਕੌਰ ਜੀ, ਸੇਵਕ ਕਰਤਾਰ ਸਿੰਘ ਜੀ, ਸੇਵਕ ਆਸਾ ਸਿੰਘ ਜੀ, ਸੰਤ ਸੁਰਿੰਦਰ ਸਿੰਘ ਜੀ ਲਾਇਲ, ਸੰਤ ਕਸ਼ਮੀਰ ਸਿੰਘ ਭਿੰਡਰ, ਸੂਬਾ ਹਰਭਜਨ ਸਿੰਘ, ਗੁਰਬਖਸ਼ੀਸ਼ ਸਿੰਘ, ਸੰਤ ਗੁਰਮੁਖ ਸਿੰਘ ਰਹਿਬਰ, ਸ੍ਰੀ ਜੋਗਿੰਦਰ ਸਿੰਘ ਜੀ, ਜਥੇ: ਹੀਰਾ ਸਿੰਘ ਗਾਬੜੀਆ, ਸ਼ਹੀਦੀ ਪ੍ਰਧਾਨ ਰਣਜੀਤ ਸਿੰਘ ਢਿਲੋਂ, ਪ੍ਰਧਾਨ ਗੁਰਪ੍ਰੀਤ ਗੋਗੀ, ਅਮਿਤ ਗੁਸਾਈ ਵੀ ਇਸ ਸਮੇਂ ਹਾਜ਼ਰ ਸਨ।

**-ਸਵਿੰਦਰ ਸਿੰਘ ਨਾਮਧਾਰੀ**

------------------------------------------

## ਪਿੰਡ ਸਜਾਦਾ ਜਿਲਾ ਗੁਰਦਾਸਪੁਰ ਵਿਖੇ ਸੰਤ ਲਹਿਣਾ ਸਿੰਘ ਦੀ ਯਾਦ ਵਿਚ ਮੇਲਾ

ਉੱਚੇ ਕਿਰਦਾਰ ਵਾਲਾ ਜੀਵਨ ਬਤੀਤ ਕਰਦੇ ਹੋਏ ਨਾਮ ਅਤੇ ਬਾਣੀ ਨੂੰ ਹੀ ਆਸਰਾ ਸਮਝ ਕੇ ਜੀਵਨ ਬਿਤਾਉਣ ਵਾਲੇ ਮਹਾਨ ਸਾਧੂ ਸੰਤ ਲਹਿਣਾ ਸਿੰਘ ਦੀ ਯਾਦ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਮਿਤੀ 19 ਨਵੰਬਰ 2018 ਨੂੰ ਜਿਲ੍ਹਾ ਗੁਰਦਾਸ ਪੁਰ ਦੇ ਪਿੰਡ ਸਜਾਦੇ ਵਿਖੇ ਮੇਲਾ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਲਗਭਗ 6 ਵੱਜ ਕੇ 10 ਮਿੰਟ ਤੇ ਚੱਲ ਕੇ ਰਸਤੇ ਵਿਚੇ ਸਿੱਖਾਂ ਸੇਵਕਾਂ ਦੇ ਘਰਾਂ ਵਿੱਚ ਚਰਨ ਪਾਉਂਦੇ ਹੋਏ ਅੰਤ ਸੰਤ ਲਹਿਣਾ ਸਿੰਘ ਜੀ ਦੀ ਯਾਦ ਵਿਚ ਚੱਲ ਰਹੇ ਮੇਲੇ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਟੇਜ ਤੇ ਜਥੇ. ਨਿਸ਼ਾਨ ਸਿੰਘ ਦਿੱਲੀ ਦੀਵਾਨ ਲਾ ਰਹੇ ਸਨ। ਦੀਵਾਨ ਤੋਂ ਬਾਅਦ ਸੰਤ ਲਹਿਣਾ ਸਿੰਘ ਦੇ ਪੜਪੋਤਰੇ ਕਾਕਾ ਤਜਿੰਦਰ ਸਿੰਘ ਨੇ ਸ਼ਬਦ ਪੜ੍ਹਿਆ ਅਤੇ ਇਕ ਨਿਹੰਗ ਬਲਕਾਰ ਸਿੰਘ ਨੇ ਸਤਿਗੁਰੂ ਜੀ ਦੇ ਹਜ਼ੂਰ ਸ਼ਬਦ ਪੜ੍ਹਿਆ। ਉਪਰੰਤ ਸੰਤ ਨਿਸ਼ਾਨ ਸਿੰਘ ਕਥਾਕਾਰ ਜੀ ਨੇ ਕਥਾ ਕੀਤੀ। ਸੰਤ ਜੀ ਦੇ ਡੇਰੇ ਦੀ ਸੇਵਾ ਨਿਭਾ ਰਹੇ ਸੰਤ ਮੰਨਾ ਸਿੰਘ ਦੇ ਸਮੁੱਚੇ ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਭੇਟਾ ਧਰ ਨਮਸਕਾਰ ਕੀਤੀ। ਇਲਾਕੇ ਦੀ ਸੰਗਤ ਦੇ ਭਾਰੀ ਇਕੱਠ ਸਮੇਂ, ਸੂਬਾ ਬਲਵਿੰਦਰ ਸਿੰਘ ਚੱਕਯਕੂਬ, ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਗੁਲਜਾਰ ਸਿੰਘ ਮਹਿਮੂਦਪੁਰ, ਸੂਬਾ ਸ਼ਾਮ ਸਿੰਘ ਤਰਨਤਾਰਨ, ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੰਤ ਹਰਦੇਵ ਸਿੰਘ ਬਿਜਲੀਵਾਲ ਸਭ ਹਾਜਰ ਸਨ। ਮੇਲਾ ਇਤਿਹਾਸਿਕ ਅਤੇ ਯਾਦਗਾਰੀ ਹੋ ਨਿਬੜਿਆ।

# ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਵਰ੍ਹੇ ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਅਤੇ ਬੇਬੇ ਦਲੀਪ ਕੌਰ ਜੀ ਦੀ ਯਾਦ ਵਿਚ ਮੇਲਾ ਮਸਤਾਨਗੜ੍ਹ ਵਿਖੇ ਮੇਲਾ

ਮੇਲੇ ਦੀ ਅਰੰਭਤਾ 11:30 ਵਜੇ ਜਥੇ.ਜੋਗਾ ਸਿੰਘ ਜੀ ਭੰਗੂਰ ਵਾਲੇ ਨੇ ਆਪਣੇ ਕਵੀਸ਼ਰੀ ਜਥੇ ਨਾਲ ਕੀਤੀ। 12:30 ਤੋਂ 1:30 ਵਜੇ ਤੱਕ ਜਥੇ. ਜਸਵਿੰਦਰ ਸਿੰਘ ਭਿੰਡਰ ਨੇ ਸੰਗਤਾਂ ਨੂੰ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਜੀਵਨ ਅਤੇ ਵਿਸ਼ੇਸ਼ ਕਰਕੇ ਬੇਬੇ ਦਲੀਪ ਕੌਰ ਜੀ ਦੇ ਜੀਵਨ ਤੇ ਬਹੁਤ ਵਿਸਥਾਰ ਨਾਲ ਚਾਨਣਾ ਪਾਇਆ। ਉਸ ਤੋਂ ਬਾਅਦ 1:30 ਤੋਂ 2:30 ਵਜੇ ਤਕ ਜਥੇ. ਮੱਖਣ ਸਿੰਘ ਨੇ ਮਾਤਾ ਦਾਨੀ ਦਾ ਪ੍ਰਸੰਗ ਸੁਣਾ ਸੰਗਤਾਂ ਨੂੰ ਨਿਹਾਲ ਕੀਤਾ। 2:30 ਤੋਂ 3:30 ਵਜੇ ਤੱਕ ਨਾਮ ਸਿਮਰਨ ਹੋਇਆ। ਤਕਰੀਬਨ 3 ਵਜੇ ਸਤਿਗੁਰੂ ਜੀ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਨਿਤਨੇਮ ਤੋਂ 17 ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ, 6 ਪਾਠ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੀ ਯਾਦ ਵਿਚ, 6 ਪਾਠ ਬੇਬੇ ਦਲੀਪ ਕੌਰ ਜੀ ਦੀ ਯਾਦ ਵਿਚ। ਉਪਰੰਤ ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਸਰਮੁਖ ਸਿੰਘ ਤੇ ਸ਼ਾਮ ਸਿੰਘ ਜੀ ਨੇ ਕੀਤਾ। ਸੰਤ ਸੁਖਚੈਨ ਸਿੰਘ ਜੀ ਭੰਗੂਰ ਅਤੇ ਹਰਪਾਲ ਸਿੰਘ ਸੇਵਕ ਹੁਰਾਂ ਨੇ ਵੀ ਭਾਸ਼ਣ ਰਾਹੀਂ ਹਾਜ਼ਰੀ ਲਗਵਾਈ ਅੰਤ ਵਿਚ ਆਈ ਸਾਧ ਸੰਗਤ ਦਾ ਧੰਨਵਾਦ ਸੂਬਾ ਬਲਵਿੰਦਰ ਸਿੰਘ ਜੀ ਨੇ ਕੀਤਾ।

21/11/2018 ਦਿਨ ਬੁੱਧਵਾਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਵਰ੍ਹੇ ਨੂੰ ਸਮਰਪਿਤ

ਅੱਜ ਦੇ ਮੇਲੇ ਦੀ ਸ਼ੁਰੂਆਤ ਹਜ਼ੂਰੀ ਰਾਗੀ ਸਰਮੁਖ ਸਿੰਘ ਜੀ, ਦੇ ਜਥੇ ਨੇ ਆਸਾ ਦੀ ਵਾਰ ਨਾਲ ਆਰੰਭ ਕੀਤੀ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਥਾ ਵਾਚਕ ਸ੍ਰੀ ਮਾਨ ਸੰਤ ਨਿਸ਼ਾਨ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਬਹੁਤ ਹੀ ਸੁਚੱਜੇ ਢੰਗ ਨਾਲ ਚਾਨਣ ਪਾਇਆ। ਭੋਗ ਸ੍ਰੀ ਸਤਿਗੁਰੂ ਜੀ ਫਸਲਾਂ ਤੇ ਕਿਰਪਾ ਕਰਨ ਵਾਸਤੇ ਟਿੱਬਾ ਫਾਰਮ ਤੇ ਚਰਨ ਪਾਏ। ਅੱਜ ਦੇ ਪ੍ਰੋਗਰਾਮ ਅਤੇ ਦਿਨ ਦੇ ਦਿਵਾਨਾ ਦਾ ਵੇਰਵਾ- 11:00 ਤੋਂ 11:40 ਤੱਕ ਜ. ਜੋਗਾ ਸਿੰਘ ਜੀ ਭੰਗੂਰ, 11:40 ਤੋਂ 12:15 ਤੱਕ ਜ. ਜਸਵਿੰਦਰ ਸਿੰਘ ਜੀ ਭਿੰਡਰ, 12:15 ਤੋਂ ਜ. ਗੁਰਲਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ। ਉਹਨਾਂ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਲੋਕਾਈ ਤੇ ਕੀਤੇ ਪਰ-ਉਪਕਾਰਾਂ ਬਾਰੇ ਹੱਲੇ ਦੇ ਦਿਵਾਨ ਲਾ ਕੇ ਸੰਗਤਾਂ ਨੂੰ ਨਿਹਾਲ ਕੀਤਾ। 1 ਵਜੇ ਤੋਂ 2 ਵਜੇ ਤੱਕ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਨਾਮਧਾਰੀ ਸਾਹਿਤ ਸਭਾ ਵਲੋਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਬਹੁਤ ਹੀ ਪ੍ਰਭਾਵਸ਼ਾਲੀ ਕਵੀ ਦਰਬਾਰ ਹੋਇਆ। 2 ਤੋਂ 3 ਨਾਮ ਸਿਮਰਨ ਅਤੇ ਨਾਲ 17 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 10 ਪਾਠ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ, 7 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ। ਕੀਰਤਨ ਰਾਗੀ ਮਹਿਲ ਸਿੰਘ ਜੀ ਕੋਲੋਂ ਸੰਗੀਤ ਦੀ ਵਿਦਿਆ ਪ੍ਰਾਪਤ ਕਰਦੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ।

ਕੀਰਤਨ ਤੋਂ ਬਾਅਦ ਕਾਮਰੇਡ ਸੁਵਰਨ ਸਿੰਘ ਵਿਰਕ ਜੀ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਚਾਨਣਾ ਪਾਇਆ। ਉਹਨਾਂ ਨੇ ਇਹ ਵੀ ਦੱਸਿਆ ਕਿ ਕੁਝ ਲੋਕ ਸਿੱਖਾਂ ਨੂੰ ਲੜਾਕੂ ਕੌਮ ਕਹਿੰਦੇ ਨੇ। ਜੋ ਤਲਵਾਰ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਉਠਾਈ ਸੀ ਉਸ ਸਟੀਲ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤਿਆਰ ਕਰ ਗਏ ਸਨ ਅਤੇ ਉਸ ਤੋਂ ਬਾਅਦ ਸੇਵਕ ਹਰਪਾਲ ਸਿੰਘ ਜੀ ਨੇ ਆਪਣੀ ਗੱਲ ਸ਼ੁਰੂ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜਾਮੇ ਵਿਚ ਆ ਕੇ ਸਰਬ-ਸ਼ਕਤੀਮਾਨ ਹੁੰਦਿਆਂ ਵੀ ਮਨੁੱਖਾਂ ਵਾਂਗ ਕੰਮ ਕੀਤੇ। ਉਹਨਾਂ ਇਹ ਵੀ ਦਸਿਆ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਸਚਖੰਡ ਵਿਚੋਂ ਨੌਂ ਨਿਧਾਂ ਨਾਲ ਲੈ ਕੇ ਆਏ ਤੇ ਸਭ ਤੋਂ ਵੱਡਾ ਨਾਮ ਦਾ ਖਜ਼ਾਨਾ ਨਾਲ ਲੈਂਦੇ ਆਏ ਅਤੇ ਅੰਤ ਵਿਚ ਉਨ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਕ ਉਪਦੇਸ਼ ਵਿਚੋਂ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹੁੰਦੇ ਸਨ ਤੁਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਜਰੂਰ ਪੜ੍ਹਾਓ, ਪੰਜਾਬੀ ਪੜ੍ਹਨਗੇ ਤਾਂ ਗੁਰਬਾਣੀ ਪੜ੍ਹ ਕੇ ਆਪਣਾ ਜੀਵਨ ਸੁੱਚਜੇ ਢੰਗ ਨਾਲ ਬਤੀਤ ਕਰ ਸਕਣਗੇ। ਅੱਜ ਸਮੇਂ ਦੇ ਮਾਲਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਾਨੂੰ ਪ੍ਰੇਰ ਕੇ ਸਾਡੇ ਸਿਰ ਤੇ ਹੱਥ ਰੱਖ ਕੇ ਸਾਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੇ ਚਲਾ ਰਹੇ ਹਨ ਉਸ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰਮੀਤ ਸਿੰਘ ਚਾਨਾ ਨੇ ਵਿਸਥਾਰ ਸਹਿਤ ਸਾਲਾਨਾ ਗੁਰਮਤਿ ਸਮਾਗਮ ਸਬੰਧੀ ਅਨਾਉਂਸਮੈਂਟ ਕੀਤੀ ਤੇ ਆਈ ਸੰਗਤ ਦਾ ਧੰਨਵਾਦ ਕੀਤਾ। ਅੰਤ ਵਿਚ ਸਾਧ ਸੰਗਤ ਦੇ ਭਲੇ ਲਈ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦਿੰਦਿਆਂ ਫੁਰਮਾਇਆ ਜੋ ਮਾਰਗ ਸਾਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਤੁਹਾਨੂੰ ਭਗਤੀ ਕਰਨ ਵਾਸਤੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਤੁਸੀਂ ਆਪਣਾ ਕਾਰ ਵਿਹਾਰ ਕਰਦਿਆਂ ਵੀ ਉਸ ਪ੍ਰਮੇਸ਼ਰ ਦੀ ਭਗਤੀ ਕਰ ਸਕਦੇ ਹੋ। ਸਤਿਗੁਰੂ ਜੀ ਬਚਨ ਕੀਤਾ ਕਿ ਕੇਰਲਾ ਦੇ ਕੁਝ ਮੰਦਰਾਂ ਦੇ ਪੁਜਾਰੀ ਕਹਿੰਦੇ ਨੇ ਜੇ ਬੀਬੀਆਂ ਮੰਦਰਾਂ ਵਿਚ ਵੜਨ ਤਾਂ ਸਾਡੀ ਮਰਿਆਦਾ ਭ੍ਰਸ਼ਟ ਹੋ ਜਾਂਦੀ ਹੈ। ਸ੍ਰੀ ਸਤਿਗੁਰੂ ਜੀ ਫੁਰਮਾਇਆ ਸਤਿਗੁਰੂ ਨਾਨਕ ਦੇਵ ਜੀ 500 ਸਾਲ ਪਹਿਲਾਂ ਗੁਰਬਾਣੀ ਵਿਚ ਫੁਰਮਾਇਆ ਸੀ "ਸੋ ਕਿਉ ਮੰਦਾ ਆਖੀਐ ॥ ਜਿਤੁ ਜੰਮਹਿ ਰਾਜਾਨ"॥ ਫਿਰ ਆਪ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰ-ਉਪਕਾਰਾਂ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਔਰਤ ਨੂੰ ਬਰਾਬਰੀ ਦਾ ਦਰਜਾ ਦਿੱਤਾ ਅਤੇ ਸਮਾਜਿਕ ਕੁਰੀਤੀਆਂ ਖਤਮ ਕੀਤੀਆਂ। ਅੰਤ ਵਿਚ ਸੂਬਾ

ਬਲਵਿੰਦਰ ਸਿੰਘ ਜੀ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ। ਸੰਗਤਾਂ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਲੰਗਰ ਛਕ ਕੇ ਘਰੋਂ ਘਰੀਂ ਰਵਾਨਾ ਹੋਈਆਂ। ਸਟੇਜ ਸਕਤੱਰਤਾ ਦੀ ਸੇਵਾ ਗੁਰਮੀਤ ਸਿੰਘ ਚਾਨਾ ਨੇ ਕੀਤੀ।

ਸ੍ਰੀ ਸਤਿਗੁਰੂ ਜੀ ਆਪਣੇ ਉਲੀਕੇ ਪ੍ਰੋਗਰਾਮਾਂ ਅਨੁਸਾਰ ਆਪਣੇ ਸਿੱਖਾਂ ਸੇਵਕਾਂ ਸਮੇਤ ਸ੍ਰੀ ਸੁਹਾਵਾ ਸਾਹਿਬ ਨੂੰ ਚਾਲੇ ਪਾਏ। ਰਾਤ ਨੂੰ ਵਿਸ਼ਰਾਮ ਸੰਤ ਸੁਖਦੇਵ ਸਿੰਘ ਜੀ ਦੇ ਗ੍ਰਹਿ ਵਿਖੇ ਕੀਤਾ। ਅੰਮ੍ਰਿਤ ਵੇਲੇ ਹਜੂਰੀ ਰਾਗੀ ਸਰਮੁਖ ਸਿੰਘ ਜੀ ਦੇ ਜਥੇ ਨੇ ਗੁਰਦਵਾਰਾ ਸੁਹਾਵਾ ਸਾਹਿਬ ਵਿਖੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੇਲੇ ਤੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਮੇਲੇ ਦੇ ਭੋਗ ਤੋਂ ਬਾਅਦ ਸਤਿਗੁਰੂ ਜੀ ਸੰਤ ਸੁਖਦੇਵ ਸਿੰਘ ਜੀ ਦੇ ਘਰ ਚਰਨ ਪਾ ਕੇ ਭਾਦਰਾ ਨੂੰ ਚਾਲੇ ਪਾਏ ਜਿੱਥੇ ਸੰਤ ਬਖਸ਼ੀਸ਼ ਸਿੰਘ ਜੀ ਅਤੇ ਸੰਤ ਰਜਵੰਤ ਸਿੰਘ ਜੀ ਪਰਸ਼ਾਦਾ ਛੱਕ ਕੇ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਵੱਡ-ਤੀਰਥ ਵੱਲ ਰਵਾਨਾ ਹੋਏ।

**ਗੁਰਮੀਤ ਸਿੰਘ ਚਾਨਾ**

---

## ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਭੈਣੀ ਸਾਹਿਬ-

ਆਸਾ ਦੀ ਵਾਰ ਦਾ ਕੀਰਤਨ- ਹੋਲੇ ਦੇ ਦੀਵਾਨ- ਰਾਜਨੀਤਕ ਸਮਾਜਿਕ ਸੱਜਣਾ ਵਲੋ ਆਮਦ- ਨਾਮ ਸਿਮਰਨ- ਕਥਾ ਕੀਰਤਨ- ਪਾਠਾਂ ਦੇ ਭੋਗ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜੂਰੀ ਰਾਗੀ ਜਥੇ ਨੇ ਤੰਤੀ ਸਾਜਾ ਦੇ ਨਾਲ ਗਾਇਨ ਕੀਤਾ।

ਜਥੇਦਾਰ ਕਮਾਲ ਸਿੰਘ ਨੇ ਹੱਲੇ ਦਾ ਦੀਵਾਨ ਅਤੇ ਕਵੀਸ਼ਰ ਗੁਰਲਾਲ ਸਿੰਘ ਦੇ ਜਥੇ ਨੇ ਕਵੀਸ਼ਰੀ ਦੇ ਰੂਪ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਜੀਵਨੀ ਤੇ ਚਾਨਣਾ ਪਾਇਆ।

ਦੁਪਹਿਰ ਦੇ ਨਿਤਨੇਮ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਬਾਦ ਵਿਚ ਹਜੂਰੀ ਰਾਗੀ ਹਰਬੰਸ ਸਿੰਘ ਤੇ ਸਾਥੀਆਂ ਨੇ ਮਿਲਕੇ ਸ਼ਬਦ ਗਾਇਨ ਕੀਤਾ।

ਉਪਰੰਤ ਸਟੇਜ ਦੀ ਸਕਤੱਰਤਾ ਕਰਦੇ ਹੋਏ ਸੰਤ ਹਰਪਾਲ ਸਿੰਘ ਸੇਵਕ ਨੇ ਸਭ ਤੋਂ ਪਹਿਲਾਂ ਪਾਲ ਸਿੰਘ ਪਾਲ ਨੂੰ ਪੇਸ਼ ਕੀਤੀ। ਉਹਨਾਂ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਗੀਤ ਬਹੁਤ ਹੀ ਸੁਰੀਲੀ ਤੇ ਬੁਲੰਦ ਆਵਾਜ ਵਿਚ ਸੁਣਾਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੋਂ ਆਏ **ਪ੍ਰੋ.ਬਲਵਿੰਦਰ ਪਾਲ ਸਿੰਘ** ਨੇ ਦੱਸਿਆ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਤਿੰਨ ਚੀਜਾਂ ਦਿੱਤੀਆ। 1. ਪਿਆਰ ਦਾ ਸੰਦੇਸ਼ 2. ਵਿਚਾਰ ਦਾ ਸੰਦੇਸ 3. ਆਚਾਰ ਦਾ ਸੰਦੇਸ।

ਜੇ ਅਸੀ ਇਨ੍ਹਾਂ ਤਿੰਨਾਂ ਚੀਜਾਂ ਨਾਲ ਜੁੜ ਜਾਈਏ ਤਾਂ ਸਾਡਾ ਜੀਵਨ ਸੁਖੀ ਹੋ ਸਕਦਾ ਹੈ। ਉਹਨਾਂ ਨੇ ਕਿਤੇ ਵੀ ਝਗੜਾ ਨਹੀਂ ਕੀਤਾ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਵਿਵੇਕ ਦੀ ਵਰਤੋ ਕੀਤੀ। ਗੁਰੂ ਜੀ ਕਹਿੰਦੇ ਹਨ ਕਿ ਝਗੜਾ ਕਰਕੇ ਅਕਾਲ ਦਾ ਨੁਕਸਾਨ ਹੁੰਦਾ ਹੈ। ਉਹਨਾਂ ਹਮੇਸਾਂ ਪਿਆਰ ਦੀ ਗੱਲ ਕੀਤੀ। ਗੁਰੂ ਜੀ ਨੇ ਖੁਦਾ ਨੂੰ ਆਪ ਪਾਇਆ ਹੈ ਤੇ ਜਾਣਿਆ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਸਚ ਤੋਂ ਸਭ ਕੁਝ ਉਰੇ ਹੈ। ਇਸ ਕਰਕੇ ਨਾਮ ਦੇ ਨਾਲ ਜੁੜਨਾ ਚਾਹੀਦਾ ਹੈ।

**ਡਾ. ਹਰਪਾਲ ਸਿੰਘ ਪੰਨੂ** ਨੇ ਆਪਣੇ ਸਮੇਂ ਵਿਚ ਦੱਸਿਆ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਕਿਸ ਤਰ੍ਹਾਂ ਭਲਾਈ ਦਾ ਕਾਰਜ ਕੀਤਾ ਵੱਖ-ਵੱਖ ਥਾਵਾਂ ਤੇ ਜਾ ਕੇ, ਜੋਗੀਆਂ, ਨਾਥਾਂ ਨਾਲ ਵਿਚਾਰ ਵਿਟਾਂਦਰਾ ਕੀਤਾ। ਸਾਰਿਆਂ ਦੀ ਚਿੰਤਾ ਅਕਾਲ ਪੁਰਖ ਕੋਲ ਹੈ। ਪੰਨੂ ਜੀ ਨੇ ਚਾਰੇ ਜਨਮ ਸਾਖੀਆਂ ਦਾ ਪਾਠ ਅਨੇਕਾਂ ਵਾਰ ਕੀਤਾ ਹੋਇਆ ਹੈ। ਇਸ ਵਿਚੋ ਬਹੁਤੀਆਂ ਤਾਂ ਉਹਨਾਂ ਨੂੰ ਜੁਬਾਨੀ ਹੀ ਯਾਦ ਹਨ ਉਹਨਾਂ ਨੇ ਜਨਮ ਸਾਖੀਆਂ ਵਿਚੋ "ਇੰਨ ਬਿੰਨ" ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਪੜਕੇ ਸੁਣਾਇਆ। ਇਹ ਉਹਨਾਂ ਦੀ ਮਿਹਨਤ ਦਾ ਸਿੱਟਾ ਹੈ। ਉਹਨਾਂ ਦੇ ਬਚਨ ਸੁਣਕੇ ਮਨ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਅਪਣੇ ਆਪ ਹੀ ਜੁੜ ਗਿਆ। ਉਹਨਾਂ ਨੇ ਕਿਹਾ ਕਿ ਸਾਨੂੰ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਜੁੜਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਤੁਸੀ ਕੀਰਤਨ ਦੀ ਸੰਭਾਲ ਰੱਖੀ ਹੋਈ ਹੈ। ਰਬਾਬ ਦੀ ਵੀ ਸਿਖਿਆ ਲਈ ਦਿੱਤੀ ਜਾਵੇ।

**ਪ੍ਰੋਫੈਸਰ ਅਵਤਾਰ ਸਿੰਘ** ਨੇ ਕਿਹਾ ਕਿ ਸਾਰੀ ਉਮਰ ਲੱਗੇ ਰਹੀਏ ਤਾਂ ਵੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਲੀਲਾ ਸਿਫਤ ਮੁਕ ਨਹੀ ਸਕਦੀ। ਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਰੱਬ ਵਿਚ ਯਕੀਨ ਕਰਦਾ ਹੈ ਉਹ ਸਿੱਖ ਹੈ। ਉਹਨਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਬਣ ਰਹੀ ਕੰਧ ਨੂੰ ਦੂਰ ਕੀਤਾ ਤੇ ਆਪ ਉਹਨਾਂ ਵਿਚ ਪੁਲ ਰੂਪੀ ਕੰਮ ਕੀਤਾ। ਗੁਰੂ ਜੀ ਨੇ ਫੁਰਮਾਇਆ ਕਿ ਜੇ ਅਸੀ ਸਮਾਜ ਨੂੰ ਨਾਮ ਨਾਲ ਜੋੜ ਲਈਏ ਤਾਂ ਸਾਡੇ ਵਿਚੋਂ ਕੰਧਾਂ ਖਤਮ ਹੋ ਜਾਣਗੀਆਂ।

**ਸਰਦਾਰ ਜਸਵੰਤ ਸਿੰਘ ਅਮਨ** ਨੇ ਕਿਹਾ ਸਾਨੂੰ ਆਪਣੇ ਵਖਰੇਵਿਆਂ ਨੂੰ ਦੂਰ ਕਰਨ ਦੀ ਲੋੜ ਹੈ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਸਿਖਿਆ ਤੇ ਵਿਚਾਰ ਕਰੀਏ। ਵਿਚਾਰ ਵਟਾਂਦਰਾ ਚੱਲਦਾ ਰਹਿਣਾ ਚਾਹੀਦਾ ਹੈ। ਸਿਧ ਗੋਸਟਿ ਇਸ ਦੀ ਉਦਹਾਰਣ ਹੈ। ਸ੍ਰੀ ਗੁਰੂ ਜੀ ਨੇ ਵਾਤਾਵਰਨ ਠੀਕ ਰਖਣ ਨੂੰ ਮਹੱਤਤਾ ਦਿੱਤੀ। "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਅੱਜ ਸਾਡੀ ਹਵਾਂ ਪਾਣੀ ਦਾ ਕੀ ਹਾਲ ਹੈ? ਸ੍ਰੀ ਸਤਿਗੁਰੂ

ਨਾਨਕ ਦੇਵ ਜੀ ਨੇ "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ" ਉਹਨਾਂ ਨੇ ਔਰਤ ਨੂੰ ਬਰਾਬਰ ਦਾ ਅਧਿਕਾਰ ਦੇਣ ਦੀ ਗਲ ਕੀਤੀ। ਸੰਸਾਰ ਵਿਚ ਔਰਤ ਦੇ ਸਨਮਾਨ ਦੀ ਗੱਲ ਕੀਤੀ।

**ਸ: ਸਵਰਨ ਸਿੰਘ ਵਿਰਕ** ਨੇ ਕਿਹਾ ਕਿ ਅੱਜ ਦੇ ਸਮੇ ਵਿਚ , ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖਿਆ- ਆਪਣੀ ਬੋਲੀ- ਸਭਿਆਚਾਰ ਤੇ ਵਿਰਸੇ ਤੋਂ ਟੁੱਟ ਕੇ ਬੇਪਛਾਣ ਹੋ ਰਹੇ ਹਾਂ। ਗੁਰੂ ਜੀ ਨੇ ਆਪਣੀ ਬੋਲੀ ਨੂੰ ਅਪਣਾਇਆ। ਸਤਿਗੁਰੂ ਨਾਨਕ ਦੇਵ ਜੀ ਦਾ ਸਿੱਕਾ ਜਗਤ ਵਿਚ ਚਲਿਆ। ਅੱਜ ਸਮੁੱਚੇ ਦੇਸ਼ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਤੇ ਚਲਣ ਦੀ ਲੋੜ ਹੈ। ਸੰਸਾਰ ਵਿਚ ਔਰਤ ਨੂੰ ਮਰਦ ਦੇ ਬਰਾਬਰ ਦਰਜਾ ਦਿਵਾਉਣ ਦੀ ਜਰੂਰਤ ਹੈ। ਭਰੂਣ ਹੱਤਿਆ ਤੇ ਪਾਬੰਦੀ ਲਾਉਣੀ ਚਾਹੀਦੀ ਹੈ।

**ਕਵੀ ਦਰਬਾਰ**- ਅੱਜ ਸਾਮੀ ਹਰੀ ਮੰਦਰ ਵਿਚ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਤੇ ਬਾਹਰੋ ਆਏ ਪਤਵੰਤੇ ਕਵੀਆਂ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅੱਜ ਦੇ ਕਵੀ ਦਰਬਾਰ ਵਿਚ ਸ਼ਾਮਲ ਸਨ ਸ. ਸਤਨਾਮ ਸਿੰਘ ਕੋਮਲ, ਪਰਮਜੀਤ ਕੌਰ, ਨਿਰਮਲ ਸਿੰਘ, ਡਾ ਸਰਬਜੀਤ ਕੌਰ ਸੰਧਾਵਾਲੀਆਂ, ਰਜਿੰਦਰ ਕੌਰ ਪੰਨੂੰ, ਹਜਾਰਾ ਸਿੰਘ ਮੰਡ, ਕਮਾਲ ਸਿੰਘ, ਸਵਿੰਦਰ ਸਿੰਘ, ਕਰਤਾਰ ਸਿੰਘ, ਹਰਭਜਨ ਸਿੰਘ, ਰਜਿੰਦਰ ਸਿੰਘ, ਲਖਵਿੰਦਰ ਸਿੰਘ ਬਾਜਵਾ, ਮੱਲ ਸਿੰਘ, ਬਲਦੇਵ ਸਿੰਘ ਵੜੈਚ, ਗੁਰਵੀਰ ਸਿੰਘ, ਤਰਨ ਸਿੰਘ ਬੱਲ। ਸਟੇਜ ਦੀ ਸਕੱਤਰਤਾ ਕਵੀਸ਼ਰ ਗੁਰਸੇਵਕ ਸਿੰਘ ਢਿਲੋਂ ਨੇ ਬਾਖੂਬੀ ਨਿਭਾਈ।

ਸੁਵਰਨ ਸਿੰਘ ਵਿਰਕ ਹੁਰਾਂ ਬਾਹਰੋਂ ਆਏ ਸੱਜਣਾਂ ਦਾ ਧੰਵਾਦ ਕੀਤਾ । ਇਸ ਤਰ੍ਹਾਂ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਮੇਲਾ ਨਿਰਵਿਘਨ ਸਮਾਪਤ ਹੋਇਆ।

ਗੁਰਦੇਵ ਸਿੰਘ ਚੀਮਾਂ

# ਮੈਟਰੀਮੋਨੀਅਲ


ਲੜਕੀ, ਉਮਰ 24 ਸਾਲ, ਕੱਦ-5 ਫੁੱਟ 3 ਇੰਚ,
ਪੜਾਈ- ਮਾਸਟਰ ਫੈਸ਼ਨ ਟੈਕਨੌਲਜੀ।
ਲਈ ਪੜ੍ਹਿਆ ਲਿਖੇ ਵਰ ਦੀ ਲੋੜ।
ਸੰਪ: 98144-15085

**Boy. Height- 5'9". Age-27**
**Professionally qualified ( *C.A.*) ,**
**Preferred: Namdhari family seeking a suitable well educated Namdhari cultured girl.**
**Contact- 84483-22656.**


# ਕਰਤਾਰਪੁਰ ਲਾਂਘੇ ਬਾਰੇ ਲਹਿੰਦੇ ਪੰਜਾਬੋਂ ਇਕ ਨਜ਼ਮ

ਕੁਝ ਤੇ ਨੇੜ ਨੜੇਪਾ ਵਧਿਆ, ਕੁਝ ਤੇ ਆਸਾਂ ਪੁੱਗੀਆਂ।
ਕੁਝ ਤੇ ਵੈਰ ਦੇ ਨਾਗ ਮਿੱਧੀਜੇ, ਕੁਝ ਤੇ ਸਾਂਝਾਂ ਉੱਗੀਆਂ।
ਕੁਝ ਤੇ ਸੁੱਕੀ ਸਿੱਕ ਦੀ ਹਿੱਕ ਤੇ, ਖਿੜ ਪਏ ਫੁੱਲ ਨਰੋਏ।
ਕੁਝ ਤੇ ਦੂਰੀ ਵਾਲੇ ਕੰਡੇ, ਬੋਡੇ ਹੋ ਕੇ ਮੋਏ।
ਕੁਝ ਤੇ ਵਾਵਾਂ ਇਕ ਦੂਜੇ ਵੱਲ, ਹੱਸ ਕੇ ਬਾਂਹ ਵਧਾਈ।
ਕੁਝ ਤੇ ਸੀਨੇ ਠਾਰਨ ਵਾਲੀ, ਜੱਫੀਆਂ ਦੀ ਰੁੱਤ ਆਈ।
ਕੁਝ ਤੇ ਆਈਆਂ ਕਣਕ ਕਪਾਹਵਾਂ, ਇਕ ਦੂਜੇ ਦੇ ਲਾਗੇ।
ਕੁਝ ਤੇ ਖੇਤੀਂ ਹੌਕੇ ਭਰਦੀ, ਭਾਗ ਸਰੋਂ ਦੇ ਜਾਗੇ।
ਕੁਝ ਤੇ ਵੀਰਾਂ ਇਕ ਦੂਜੇ ਨੂੰ, ਦਿਲ ਦੇ ਦੁਖੜੇ ਦੱਸੇ।
ਕੁਝ ਤੇ ਸਾਡੇ ਬੋਹੜਾਂ ਕਿੱਕਰ, ਉਮਰਾਂ ਪਿੱਛੋਂ ਹੱਸੇ।
ਕੁਝ ਤੇ ਸਾਡੇ ਅੰਬ ਸ਼ਰੀਹਾਂ, ਦੁਖ ਤੇ ਸੁਖ ਵੰਡਾਏ।
ਕੁਝ ਤੇ ਪਿੱਪਲ ਨਿੰਮ ਧਰੇਕਾਂ, ਅਪਣੇ ਹਾਲ ਸੁਣਾਏ।
ਕੁਝ ਤੇ ਸਾਡੇ ਹੀਰੇ ਮੋਤੀ, ਬਰਾ ਬਰੋਬਰ ਤੁਲੇ।
ਕੁਝ ਤੇ ਸੰਗਲ ਵੱਜੇ ਰਸਤੇ, ਇਕ ਦੂਜੇ ਲਈ ਖੁੱਲ੍ਹੇ।
ਕੁਝ ਤੇ ਬਾਬੇ ਨਾਨਕ ਵਾਂਗੂੰ, ਸਾਂਝੀ ਤੌਣ ਵਲੋਈ।
ਕੁਝ ਤੇ ਮੁਰਸ਼ਦ ਬੁੱਲ੍ਹੇ ਵਾਲੀ, ਥੱਈਆ ਥੱਈਆ ਹੋਈ।
ਕੁਝ ਤੇ ਸੰਧੂ ਨਦੀਆਂ ਦਾ ਵੀ, ਲੱਥਾ ਅੱਜ ਥਕੇਵਾਂ।
ਕੁਝ ਤੇ ਸਾਡੇ ਦਰਿਆਵਾਂ ਦਾ, ਮੁੱਕਿਆ ਏ ਉਦਰੇਵਾਂ।
ਕੁਝ ਤੇ ਲਹਿੰਦੇ ਚੜ੍ਹਦੇ ਵੱਲੋਂ, ਅਮਨਾਂ ਦਾ ਮੀਂਹ ਵਰਿਆ।
ਕੁਝ ਤੇ ਸਾਡੀ ਧਰਤੀ ਮਾਂ ਦਾ, ਬਲਦਾ ਸੀਨਾ ਠਰਿਆ।

**-ਇਰਸ਼ਾਦ ਸੰਧੂ**

## ਸ਼ਹੀਦੀ ਮੇਲਾ ਫਤਿਹਗੜ੍ਹ ਸਾਹਿਬ 27 ਦਸੰਬਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਇਆ ਜਾਵੇਗਾ।



ਕੀ ਕਿਵੇਂ ਹੋਇਆ, ਹੋਣੀ ਕਿਵੇਂ ਵਰਤੀ, ਸੂਰਜ ਜਾਣਦਾ ਏ, ਜਾਂ ਫਿਰ ਚੰਦ ਜਾਣੇ।
ਲਿਖੇ ਕਲਮ ਤੇ ਦੰਦਲਾਂ ਪੈਂਦੀਆਂ ਨੇ, ਖ਼ੂਨੀ ਕੰਧ ਜਾਣੇ ਜਾਂ ਸਰਹੰਦ ਜਾਣੇ।



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਵਾਰਸ਼ਿਕ ਵਿਦਿਅਕ ਸੰਮੇਲਨ 2018

( ਪ੍ਰੋਗਰਾਮ ਅਤੇ ਸਿਲੇਬਸ )

੧੩, ੧੪, ੧੫ ਪੋਹ ੨੦੭੫ ਬਿਕ੍ਰਮੀ ਸੰਮਤ ਮੁਤਾਬਿਕ
28, 29 ਅਤੇ 30 ਦਸੰਬਰ 2018 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ
ਸਥਾਨ: ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ, ਦਿੱਲੀ

- ਸਮੂਹ ਜਥਿਆਂ ਦੇ ਸਿਖਿਆਰਥੀ 27 ਦਸੰਬਰ ਦੀ ਸ਼ਾਮ ਤੱਕ ਪਹੁੰਚਣ।
- ਖੇਡਾਂ ਲਈ ਪ੍ਰਤੀਯੋਗੀਆਂ ਦੀ ਰਜਿਸਟ੍ਰੇਸ਼ਨ 28 ਦਸੰਬਰ ਤੱਕ ਹੀ ਕੀਤੀ ਜਾਵੇਗੀ।
- ਸਾਰੇ ਜਥੇ ਆਪਣੀਆਂ ਕਾਰਗੁਜ਼ਾਰੀਆਂ ਦੀ ਰਿਪੋਰਟ ਲੈ ਕੇ ਆਉਣ ਜੀ। ਸਵਾ ਲੱਖ ਪਾਠਾਂ ਦੀ ਗਿਣਤੀ ਵੀ ਜ਼ਰੂਰ ਲੈ ਕੇ ਆਉਣ ਜੀ।
- ਨਾਮਧਾਰੀ ਪਹਿਰਾਵਾ, ਆਸਣ, ਮਾਲਾ, ਗੜਵਾ, ਗੁਟਕਾ, ਪੈਨ, ਕਾਪੀ ਆਦਿਕ ਨਾਲ ਲੈ ਕੇ ਆਵੋ ਜੀ।
- ਸਿਖਿਆਰਥੀ ਆਪਣੇ ਗਰਮ ਕੱਪੜੇ, ਲੋਈ ਆਦਿ ਜ਼ਰੂਰ ਨਾਲ ਲਿਆਉਣ।
- ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪ੍ਰੋਗਰਾਮ ਵਿੱਚ ਕੋਈ ਵੀ ਤਬਦੀਲੀ ਹੋ ਸਕਦੀ ਹੈ।

ਬੇਨਤੀ ਕਰਤਾ

ਵਿਸ਼ਵ ਨਾਮਧਾਰੀ ਵਿਦਿਅਕ ਜਥਾ

ਸੇਵਾਦਾਰ

| | | | |
|---|---|---|---|
| ਸੁਖਵਿੰਦਰ ਸਿੰਘ [illegible] | 98153-77811 | ਹਰਪਾਲ ਸਿੰਘ | 99102-10432 |
| ਮੰਗਲਜੀਤ ਸਿੰਘ | 98104-37875 | ਡਾ. ਪ੍ਰਭਜਿੰਦਰ ਸਿੰਘ ਕੂਕਾ | 95010-13625 |
| ਗੁਰਮੀਤ ਸਿੰਘ [illegible] | 70153-70755 | ਗੁਰਦੇਵ ਸਿੰਘ ਚੀਮਾ | 94177-15380 |
| ਹਰਪ੍ਰੀਤ ਸਿੰਘ | 98577-85000 | | |

ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ

ਸੇਵਾਦਾਰ

| | | | |
|---|---|---|---|
| ਬੀਬੀ ਸੁਖਵਿੰਦਰ ਕੌਰ | 88720-27252 | ਬੀਬੀ [illegible] ਕੌਰ | 97362-60779 |
| ਬੀਬੀ [illegible] ਕੌਰ | 94672-88024 | ਬੀਬੀ [illegible] ਕੌਰ | 98964-51115 |
| ਬੀਬੀ ਅਮਨਪ੍ਰੀਤ ਕੌਰ | 99155-28026 | | |

Date of Publication:12-12-2018,
Date of Posting: 13-14 Dec.2018

RNI NO. 55658/93 Delhi Postal Regd. No. DL(W) 01/2055/18-20

ਲਾੜੀ ਮੌਤ ਨੇ ਫਰਕ ਨਾ ਆਉਣ ਦਿੱਤਾ, ਚੌਹਾਂ ਵੀਰਾਂ ਦੇ ਗੂੜੇ ਪਿਆਰ ਅੰਦਰ।
ਤੱਕਦੇ ਰਹੇ ਸਤਿਗੁਰ ਕੱਚੀ ਗੜ੍ਹੀ ਵਿੱਚੋਂ, ਕਿੰਨੀ ਤਾਕਤ ਹੈ ਨਿੱਕੀ ਤਲਵਾਰ ਅੰਦਰ।
ਕਿੰਨੇ ਖਾਧੇ ਨੇ ਫੱਟ ਅਜੀਤ ਸਿੰਘ ਨੇ, ਕਿੰਨੇ ਖੁੱਭੇ ਨੇ ਤੀਰ ਜੁਝਾਰ ਅੰਦਰ।
ਦਾਦੀ ਤੱਕਿਆ ਬੁਰਜ ਦੀ ਝੀਤ ਵਿੱਚੋਂ, ਫੁੱਲ ਲੁਕ ਗਏ ਇੱਟਾਂ ਦੇ ਭਾਰ ਅੰਦਰ।
ਅਰਸ਼ੋਂ ਦਾਦੇ ਸ਼ਹੀਦ ਨੇ ਝਾਤ ਪਾਈ, ਕਿੰਨਾ ਸਿਦਕ ਹੈ, ਮੇਰੇ ਪ੍ਰਵਾਰ ਅੰਦਰ।
ਜੂਝੇ ਕਿਸ ਤਰ੍ਹਾਂ ਧਰਮ ਤੋਂ ਸਾਹਿਬਜ਼ਾਦੇ, ਦੋ ਮੈਦਾਨ ਅੰਦਰ, ਦੋ ਦੀਵਾਰ ਅੰਦਰ।

# ਕਲਗੀਧਰ ਦਿਆਂ ਨੈਣਾਂ ਦੇ ਚੰਨ



# ਚਾਨਣ ਬਣੇ ਹਜ਼ਾਰਾਂ ਦੇ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.